ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ
# ਸਾਂਝੀ ਖ਼ਬਰ
ਸਾਂਝ ਪੰਜਾਬੀਆਂ ਦੀ

ਸ਼ਨੀਵਾਰ, 07 ਨਵੰਬਰ / 2026 / ਅੰਕ 297 / ਪੰਨੇ 08 / ਮੁੱਲ 7 ਰੁ:

www.sanjhikhabar.com | E-mail : khabarsanjhi@gmail.com | sanjhikhabar | sanjhikahbar




## ਮਾਨ ਸਰਕਾਰ 1000 ਵਿਦਿਆਰਥੀਆਂ ਨੂੰ ਦੇਵੇਗੀ UPSC ਤੇ PCS ਦੀ ਮੁਫ਼ਤ ਕੋਚਿੰਗ

**ਸਾਂਝੀ ਖ਼ਬਰ**

ਸਰਕਾਰੀ ਕਾਲਜਾਂ ਦੇ ਨਾਲ-ਨਾਲ ਨਿੱਜੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੀ ਮਿਲੇਗਾ ਲਾਭ



(ਸੰਦੀਪ ਸਿੰਘ)
ਚੰਡੀਗੜ੍ਹ, 06 ਨਵੰਬਰ

ਪੰਜਾਬ ਸਰਕਾਰ 1000 ਕਾਲਜ ਵਿਦਿਆਰਥੀਆਂ ਨੂੰ ਯੂਪੀਐੱਸਸੀ ਤੇ ਪੰਜਾਬ ਸਿਵਲ ਸੇਵਾਵਾਂ (ਪੀਸੀਐੱਸ) ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਆਨਲਾਈਨ ਕੋਚਿੰਗ ਦੇਵੇਗੀ। ਇਨ੍ਹਾਂ ਵਿਚ ਸਰਕਾਰੀ ਕਾਲਜਾਂ ਦੇ 750 ਅਤੇ ਨਿੱਜੀ ਕਾਲਜਾਂ ਦੇ 250 ਵਿਦਿਆਰਥੀ ਸ਼ਾਮਲ ਹੋਣਗੇ। ਸਰਕਾਰ ਦਾ ਕਹਿਣਾ ਹੈ ਕਿ ਹੁਣ ਆਰਥਿਕ ਤੰਗੀ ਅਤੇ ਵੱਡੇ ਸ਼ਹਿਰਾਂ ਤੋਂ ਦੂਰੀ ਹੋਣਹਾਰ ਨੌਜਵਾਨਾਂ ਦੇ ਸਿਵਲ ਸੇਵਾਵਾਂ ਵਿਚ ਜਾਣ ਦੇ ਸੁਪਨੇ ਦੇ ਰਾਹ ਵਿਚ ਅੜਿੱਕਾ ਨਹੀਂ ਬਣੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿਸੇ ਵੀ ਨੌਜਵਾਨ ਨੂੰ ਪਰਿਵਾਰ ਦੀ ਆਰਥਿਕ ਹਾਲਤ ਕਾਰਨ ਆਪਣੇ ਸੁਪਨੇ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਪੰਜਾਬ ਸਿੱਖਿਆ ਕ੍ਰਾਂਤੀ ਦਾ ਮਕਸਦ ਸਿਰਫ਼ ਕਲਾਸਰੂਮਾਂ ਵਿਚ ਤਬਦੀਲੀ ਲਿਆਉਣਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦਾ ਭਵਿੱਖ ਬਿਹਤਰ ਬਣਾਉਣਾ ਵੀ ਹੈ। ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪਿੰਡਾਂ ਅਤੇ ਛੋਟੇ ਸ਼ਹਿਰਾਂ ਦੇ ਵਿਦਿਆਰਥੀਆਂ ਨੂੰ ਵੱਡੇ ਕੋਚਿੰਗ ਕੇਂਦਰਾਂ ਵਰਗੀ ਤਿਆਰੀ ਦਾ ਮੌਕਾ ਮਿਲੇਗਾ। ਇਸ ਯੋਜਨਾ ਵਿਚ ਲਾਈਵ ਤੇ ਰਿਕਾਰਡ ਕੀਤੀਆਂ ਕਲਾਸਾਂ, ਅਧਿਐਨ ਸਮੱਗਰੀ, ਟੈਸਟ ਸੀਰੀਜ਼, ਉੱਤਰ ਲੇਖਣ ਅਭਿਆਸ, ਮੁਲਾਂਕਣ, ਵਿਅਕਤੀਗਤ ਮੈਂਟਰਸ਼ਿਪ, ਸਵਾਲਾਂ ਦੇ ਹੱਲ ਤੇ ਇੰਟਰਵਿਊ ਦੀ ਤਿਆਰੀ ਸ਼ਾਮਲ ਹੈ।

ਦੂਜੇ ਪਾਸੇ, ਪੀਸੀਐੱਸ ਮੁੱਖ ਪ੍ਰੀਖਿਆ ਦੇ ਨਤੀਜੇ ਨੂੰ ਲੈ ਕੇ ਵਿਰੋਧੀ ਧਿਰ ਨੇ ਭਰਤੀ ਪ੍ਰਕਿਰਿਆ 'ਤੇ ਸਵਾਲ ਚੁੱਕੇ ਹਨ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਥਿਤ ਬੇਨਿਯਮੀਆਂ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ। ਸਾਬਕਾ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦਾਅਵਾ ਕੀਤਾ ਕਿ ਕੁਝ ਪ੍ਰੀਖਿਆ ਕੇਂਦਰਾਂ ਦੇ ਕਮਰਿਆਂ ਵਿੱਚੋਂ ਅਸਧਾਰਨ ਗਿਣਤੀ ਵਿਚ ਉਮੀਦਵਾਰ ਚੁਣੇ ਗਏ ਹਨ। ਉਨ੍ਹਾਂ ਨੇ ਇੰਟਰਵਿਊ ਰੋਕਣ ਅਤੇ ਉੱਤਰ ਪੁਸਤਿਕਾਵਾਂ ਸੀਲ ਕਰਨ ਦੀ ਮੰਗ ਕੀਤੀ। ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਲਗਾਤਾਰ ਰੋਲ ਨੰਬਰਾਂ ਵਾਲੇ ਉਮੀਦਵਾਰਾਂ ਦੀ ਚੋਣ ਅਤੇ ਗੈਰ-ਹਾਜ਼ਰ ਉਮੀਦਵਾਰਾਂ ਦੇ ਰੋਲ ਨੰਬਰ ਨਤੀਜੇ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ। ਪੀਪੀਐੱਸਸੀ ਨੇ 331 ਅਸਾਮੀਆਂ ਲਈ ਹੋਈ ਪੀਸੀਐੱਸ ਮੁੱਖ ਪ੍ਰੀਖਿਆ ਦੇ ਨਤੀਜੇ ਵਿਚ 751 ਉਮੀਦਵਾਰਾਂ ਨੂੰ ਇੰਟਰਵਿਊ ਲਈ ਆਰਜ਼ੀ ਤੌਰ 'ਤੇ ਸ਼ਾਰਟਲਿਸਟ ਕੀਤਾ ਹੈ। ਇਨ੍ਹਾਂ ਦੋਸ਼ਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ।

ਸਰਕਾਰ ਮੁਤਾਬਕ, ਪੰਜਾਬ ਅਕੈਡਮਿਕ ਕੋਚਿੰਗ ਫਾਰ ਐਕਸੀਲੈਂਸ (ਪੀਏਸੀਈ) ਤਹਿਤ 58,614 ਸਰਕਾਰੀ ਸਕੂਲਾਂ ਦੇ ਵਿਦਿਆਰਥੀ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਜੇਈਈ ਤੇ ਨੀਟ ਦੀ ਮੁਫ਼ਤ ਕੋਚਿੰਗ ਲੈ ਰਹੇ ਹਨ। ਫਿਜ਼ਿਕਸ ਵਾਲਾ ਤੇ ਅਵੰਤੀ ਨਾਲ ਭਾਈਵਾਲੀ 'ਚ 29,129 ਵਿਦਿਆਰਥੀ ਜੇਈਈ ਤੇ 22,096 ਵਿਦਿਆਰਥੀ ਨੀਟ ਦੀ ਤਿਆਰੀ ਕਰ ਰਹੇ ਹਨ। ਨੌਵੀਂ ਦੇ 3,110 ਅਤੇ ਦਸਵੀਂ ਜਮਾਤ ਦੇ 4,279 ਵਿਦਿਆਰਥੀ ਬੁਨਿਆਦੀ ਕੋਚਿੰਗ ਲੈ ਰਹੇ ਹਨ। ਸਾਲ 2026 ਵਿਚ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਨੀਟ-ਯੂਜੀ, 361 ਨੇ ਜੇਈਈ ਮੇਨ ਅਤੇ 64 ਨੇ ਜੇਈਈ ਐਡਵਾਂਸਡ ਪਾਸ ਕੀਤਾ। ਨੀਟ ਵਿਚ ਸਫ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ 2024 ਵਿਚ 437, 2025 ਵਿਚ 847 ਤੇ 2026 ਵਿਚ 882 ਰਹੀ।

## ਪੰਜਾਬ ਤੇ ਹਰਿਆਣਾ ਤੋਂ ਹਿਮਾਚਲ ਨੂੰ ਮਿਲੇਗੀ 11,973 ਮਿਲੀਅਨ ਯੂਨਿਟ ਬਿਜਲੀ, ਸੁਪਰੀਮ ਕੋਰਟ ਦਾ ਵੱਡਾ ਹੁਕਮ

**ਸਾਂਝੀ ਖ਼ਬਰ**



(ਗਗਨਦੀਪ ਕੌਰ)
ਨਵੀਂ ਦਿੱਲੀ, 06 ਨਵੰਬਰ

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਪ੍ਰਾਜੈਕਟਾਂ ਨਾਲ ਸਬੰਧਤ ਬਕਾਇਆ ਭੁਗਤਾਨ ਨੂੰ ਲੈ ਕੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿਚਕਾਰ ਦਹਾਕਿਆਂ ਤੋਂ ਚੱਲ ਰਹੇ ਬਿਜਲੀ ਵਿਵਾਦ ਦਾ ਨਿਪਟਾਰਾ ਕਰ ਦਿੱਤਾ। ਭਾਰਤ ਦੇ ਚੀਫ਼ ਜਸਟਿਸ (CJI) ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਕੇਂਦਰ ਸਰਕਾਰ ਦੇ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਜਿਸ 'ਚ ਪੰਜਾਬ ਅਤੇ ਹਰਿਆਣਾ ਵਲੋਂ ਹਿਮਾਚਲ ਪ੍ਰਦੇਸ਼ ਨੂੰ ਬਕਾਇਆ ਰਾਸ਼ੀ ਦਾ ਭੁਗਤਾਨ ਨਕਦ ਦੀ ਬਜਾਏ ਬਿਜਲੀ ਦੇ ਰੂਪ 'ਚ ਕਰਨ ਦੀ ਗੱਲ ਕਹੀ ਗਈ ਹੈ।


ਅਦਾਲਤ ਨੇ ਕਿਹਾ ਕਿ ਇਹ ਵਿਵਸਥਾ ਸੁਪਰੀਮ ਕੋਰਟ ਦੇ 2011 ਦੇ ਫੈਸਲੇ ਦੇ ਅਨੁਸਾਰ ਹੋਵੇਗੀ। ਉਸ ਫੈਸਲੇ 'ਚ 1966 ਤੋਂ ਭਾਖੜਾ ਨੰਗਲ ਅਤੇ ਬਿਆਸ ਪਣ-ਬਿਜਲੀ ਪ੍ਰਾਜੈਕਟਾਂ ਨਾਲ ਸਬੰਧਤ ਬਿਜਲੀ ਦੇ ਬਕਾਏ 'ਤੇ ਹਿਮਾਚਲ ਪ੍ਰਦੇਸ਼ ਦਾ ਹਿੱਸਾ 7.19 ਫੀਸਦੀ ਤੈਅ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ 20 ਸਾਲਾਂ ਦੀ ਮਿਆਦ 'ਚ ਹਿਮਾਚਲ ਪ੍ਰਦੇਸ਼ ਨੂੰ ਕੁੱਲ 11,973 ਮਿਲੀਅਨ ਯੂਨਿਟ ਬਿਜਲੀ ਦੇਣਗੇ। ਪੰਜਾਬ ਸਰਕਾਰ ਨੇ ਸ਼ੁਰੂ 'ਚ ਕੇਂਦਰ ਸਰਕਾਰ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਸੀ, ਜਿਸ 'ਚ ਬਿਜਲੀ ਦੇ ਬਕਾਏ ਦਾ ਭੁਗਤਾਨ 15 ਸਾਲਾਂ 'ਚ ਕਰਨ ਦੀ ਗੱਲ ਕਹੀ ਗਈ ਸੀ।

ਹਾਲਾਂਕਿ, ਬਾਅਦ 'ਚ ਉਸ ਨੇ ਇਸ ਯੋਜਨਾ ਨੂੰ 30 ਸਾਲਾਂ ਦੀ ਮਿਆਦ 'ਚ ਲਾਗੂ ਕਰਨ ਦੀ ਮੰਗ ਕੀਤੀ। ਉੱਥੇ ਹੀ ਹਿਮਾਚਲ ਪ੍ਰਦੇਸ਼ ਚਾਹੁੰਦਾ ਸੀ ਕਿ ਯੋਜਨਾ ਨੂੰ 10 ਸਾਲਾਂ ਦੇ ਅੰਦਰ ਲਾਗੂ ਕੀਤਾ ਜਾਵੇ। ਇਸ ਪ੍ਰਸਤਾਵ ਦੇ ਅਧੀਨ ਡੈਮਾਂ ਦੇ ਨਿਰਮਾਣ 'ਚ ਹੋਏ ਇਤਿਹਾਸਕ ਪੂੰਜੀ ਖਰਚ ਦੇ ਮੱਦੇਨਜ਼ਰ 420 ਕਰੋੜ ਰੁਪਏ ਦਾ ਸਮਾਯੋਜਨ ਵੀ ਸਮਝੌਤੇ 'ਚ ਸ਼ਾਮਲ ਕੀਤਾ ਗਿਆ ਹੈ। ਇਸ ਕਾਰਨ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਅਤੇ ਹਰਿਆਣਾ ਨੂੰ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ। ਕੇਂਦਰੀ ਬਿਜਲੀ ਅਥਾਰਟੀ (CEA) ਨੇ ਹਿਮਾਚਲ ਪ੍ਰਦੇਸ਼ ਦੇ ਬਿਜਲੀ ਦੇ ਰੂਪ 'ਚ ਕੁੱਲ ਬਕਾਏ ਦਾ ਮੂਲ ਹਿੱਸਾ 13,066 ਮਿਲੀਅਨ ਯੂਨਿਟ ਤੈਅ ਕੀਤਾ ਸੀ।

ਸੁਪਰੀਮ ਕੋਰਟ ਦੇ 2011 ਫੈਸਲੇ ਦੇ ਅਨੁਸਾਰ, ਬਿਜਲੀ 'ਚ ਹਿਮਾਚਲ ਪ੍ਰਦੇਸ਼ ਦੀ ਹਿੱਸੇਦਾਰੀ 7.19 ਫੀਸਦੀ ਤੈਅ ਕੀਤੀ ਗਈ ਸੀ, ਜਦੋਂ ਕਿ ਪੰਜਾਬ ਦਾ ਹਿੱਸਾ 51.80 ਫੀਸਦੀ ਅਤੇ ਹਰਿਆਣਾ ਦਾ ਹਿੱਸਾ 37.51 ਫੀਸਦੀ ਤੈਅ ਕੀਤਾ ਗਿਆ ਸੀ। ਰਾਜਸਥਾਨ ਦੀ ਹਿੱਸੇਦਾਰੀ 'ਚ ਕਾਫ਼ੀ ਹੱਦ ਤੱਕ ਕੋਈ ਤਬਦੀਲੀ ਨਹੀਂ ਕੀਤੀ ਗਈ ਸੀ, ਜਦੋਂ ਕਿ ਚੰਡੀਗੜ੍ਹ ਦਾ ਹਿੱਸਾ 3.50 ਫੀਸਦੀ ਤੈਅ ਕੀਤਾ ਗਿਆ ਸੀ। ਅਦਾਲਤ ਨੇ 2011 ਦੇ ਫੈਸਲੇ ਅਨੁਸਾਰ, ਹਿਮਾਚਲ ਪ੍ਰਦੇਸ਼ ਨੂੰ ਭਾਖੜਾ ਪ੍ਰਾਜੈਕਟ 'ਚ ਇਕ ਨਵੰਬਰ 1966 ਤੋਂ, ਦੇਹਰ ਪ੍ਰਾਜੈਕਟ 'ਚ ਨਵੰਬਰ 1977 ਤੋਂ ਅਤੇ ਪੌਂਗ ਬੰਨ੍ਹ ਪ੍ਰਾਜੈਕਟ 'ਚ ਜਨਵਰੀ 1978 ਤੋਂ ਬਿਜਲੀ ਦਾ ਹਿੱਸਾ ਮਿਲਣਾ ਸੀ।

## ਬਰਨਾਲਾ ਦੇ ਸਖੀ ਵਨ ਸਟਾਪ ਸੈਂਟਰ ਤੋਂ ਗਾਇਬ ਹੋਈ 16 ਸਾਲਾ ਨਾਬਾਲਗ,DSP ਨੂੰ ਸੌਂਪੀ ਗਈ ਜਾਂਚ

**ਸਾਂਝੀ ਖ਼ਬਰ**



(ਕੁਲਦੀਪ ਸਿੰਘ)
ਬਰਨਾਲਾ, 06 ਨਵੰਬਰ

ਬਰਨਾਲਾ ਦੇ ਸਖੀ ਵਨ ਸਟਾਪ ਸੈਂਟਰ ਤੋਂ ਇੱਕ ਨਾਬਾਲਗ ਲੜਕੀ ਦੇ ਸੁਰੱਖਿਆ ਕਰਮੀ ਨੂੰ ਚਕਮਾ ਦੇ ਕੇ ਫ਼ਰਾਰ ਹੋਣ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ, 2 ਨਵੰਬਰ ਨੂੰ ਇੱਕ ਲੜਕੀ ਨੂੰ ਰਾਤ ਦੇ ਸਮੇਂ ਆਸਰਾ ਦੇਣ ਲਈ ਸਖੀ ਵਨ ਸਟਾਪ ਸੈਂਟਰ ਵਿੱਚ ਲਿਆਂਦਾ ਗਿਆ ਸੀ। ਉਹ 3 ਨਵੰਬਰ ਦੀ ਸਵੇਰ ਸੁਰੱਖਿਆ ਕਰਮੀ ਨੂੰ ਚਕਮਾ ਦੇ ਕੇ ਉੱਥੋਂ ਫ਼ਰਾਰ ਹੋ ਗਈ। ਲੜਕੀ ਦੀ ਉਮਰ ਲਗਭਗ 16 ਸਾਲ ਦੱਸੀ ਜਾ ਰਹੀ ਹੈ।

ਇਸ ਮਾਮਲੇ ਦੀ ਪੁਸ਼ਟੀ ਕਰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਦਫ਼ਤਰ ਦੇ ਇੱਕ ਮੁਲਾਜ਼ਮ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਨਾਬਾਲਗ ਲੜਕੀ 2 ਨਵੰਬਰ ਨੂੰ ਬਾਲ ਭਲਾਈ ਕਮੇਟੀ ਕੋਲ ਆਈ ਸੀ। ਇਸ ਤੋਂ ਬਾਅਦ ਸਾਰੇ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਦਿਆਂ ਉਸ ਨੂੰ ਆਸਰੇ ਲਈ ਸਖੀ ਵਨ ਸਟਾਪ ਸੈਂਟਰ ਭੇਜਿਆ ਗਿਆ ਸੀ।

ਜਾਂਚ ਦੌਰਾਨ ਸਾਹਮਣੇ ਆਇਆ ਕਿ ਬਠਿੰਡਾ ਜ਼ਿਲ੍ਹੇ ਦੀ ਰਹਿਣ ਵਾਲੀ ਨਾਬਾਲਗ ਲੜਕੀ ਬਰਨਾਲਾ ਵਿੱਚ ਆਪਣੇ ਪ੍ਰੇਮੀ ਨੂੰ ਮਿਲਣ ਸਿੱਧਾ ਉਸ ਦੇ ਘਰ ਪਹੁੰਚ ਗਈ ਸੀ। ਹਾਲਾਂਕਿ, ਉੱਥੇ ਪਹੁੰਚਣ 'ਤੇ ਪਤਾ ਲੱਗਾ ਕਿ ਉਸ ਦਾ ਪ੍ਰੇਮੀ ਘਰ 'ਤੇ ਨਹੀਂ ਸੀ, ਸਗੋਂ ਇੱਕ ਅਪਰਾਧਿਕ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹੈ। ਇਸ ਤੋਂ ਬਾਅਦ ਪ੍ਰੇਮੀ ਦੀ ਮਾਂ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੇ ਸਮਝਦਾਰੀ ਦਿਖਾਉਂਦਿਆਂ ਲੜਕੀ ਨੂੰ ਬਾਲ ਭਲਾਈ ਕਮੇਟੀ ਦੇ ਹਵਾਲੇ ਕਰ ਦਿੱਤਾ।

ਬਾਲ ਭਲਾਈ ਕਮੇਟੀ ਨੇ ਨਿਯਮਾਂ ਅਨੁਸਾਰ ਲੜਕੀ ਨੂੰ ਆਸਰਾ ਦੇਣ ਲਈ ਸਖੀ ਵਨ ਸਟਾਪ ਸੈਂਟਰ ਭੇਜ ਦਿੱਤਾ ਸੀ, ਜਿੱਥੇ ਉਸ ਦੇ ਮਾਮਲੇ ਵਿੱਚ ਅੱਗੇ ਦਾ ਫ਼ੈਸਲਾ ਲਿਆ ਜਾਣਾ ਸੀ ਪਰ ਇਸੇ ਦੌਰਾਨ ਲੜਕੀ ਸੁਰੱਖਿਆ ਕਰਮੀ ਨੂੰ ਚਕਮਾ ਦੇ ਕੇ ਸੈਂਟਰ ਤੋਂ ਫ਼ਰਾਰ ਹੋ ਗਈ।

ਇਹ ਗੱਲ ਵੀ ਸਾਹਮਣੇ ਆਈ ਹੈ ਕਿ ਲੜਕੀ ਸੈਂਟਰ ਤੋਂ ਫ਼ਰਾਰ ਹੋਈ ਜਾਂ ਫਿਰ ਮੈਡੀਕਲ ਕਰਵਾਉਣ ਦੀ ਪ੍ਰਕਿਰਿਆ ਦੌਰਾਨ ਉੱਥੋਂ ਭੱਜੀ, ਇਸ ਬਾਰੇ ਕੋਈ ਵੀ ਅਧਿਕਾਰੀ ਸਪੱਸ਼ਟ ਜਾਣਕਾਰੀ ਦੇਣ ਲਈ ਤਿਆਰ ਨਹੀਂ ਹੈ। ਸਰੋਤਾਂ ਅਨੁਸਾਰ, ਪੰਜਾਬ ਪੁਲਿਸ ਵੱਲੋਂ ਸਬੰਧਤ ਸੁਰੱਖਿਆ ਕਰਮੀ ਦੇ ਖ਼ਿਲਾਫ਼ ਵੀ ਬਣਦੀ ਕਾਰਵਾਈ ਕੀਤੀ ਗਈ ਹੈ। ਉੱਥੇ ਹੀ, ਹੁਣ ਇਹ ਮਾਮਲਾ ਅਗਲੇਰੀ ਜਾਂਚ ਲਈ ਡੀਐੱਸਪੀ ਜਸਵਿੰਦਰ ਕੌਰ ਕੋਲ ਪਹੁੰਚ ਗਿਆ ਹੈ।

## ਪਰਵਿੰਦਰ ਦਾ ਸਸਕਾਰ ਉਨ੍ਹਾਂ ਦੇ ਆਪਣੇ ਖੇਤਾਂ ਵਿਚ ਹੀ ਕੀਤਾ ਜਾਵੇਗਾ, ਤਿਆਰੀਆਂ ਸ਼ੁਰੂ

**ਸਾਂਝੀ ਖ਼ਬਰ**



(ਕੁਲਦੀਪ ਸਿੰਘ)
ਮਾਨਸਾ, 06 ਨਵੰਬਰ

ਪਰਵਿੰਦਰ ਸਿੰਘ ਝੋਟੇ ਦਾ ਅੰਤਿਮ ਸਸਕਾਰ ਨੂੰ ਲੈ ਕੇ ਅਹਿਮ ਜਾਣਕਾਰੀ ਸਾਹਮਣੇ ਆਈ ਹੈ। ਸੂਤਰਾਂ ਮੁਤਾਬਕ ਪਰਵਿੰਦਰ ਝੋਟਾ ਦੇ ਸਸਕਾਰ ਭਲਕੇ 7 ਨਵੰਬਰ ਨੂੰ ਉਨ੍ਹਾਂ ਹੋਣ ਦੀ ਸੰਭਾਵਨਾ ਹੈ। ਪਰਵਿੰਦਰ ਦਾ ਸਸਕਾਰ ਉਨ੍ਹਾਂ ਦੇ ਆਪਣੇ ਖੇਤਾਂ ਵਿਚ ਹੀ ਕੀਤਾ ਜਾਵੇਗਾ। ਇਹ ਜਾਣਕਾਰੀ ਐਕਸ਼ਨ ਕਮੇਟੀ ਦੇ ਸੂਤਰਾਂ ਤੋਂ ਪ੍ਰਾਪਤ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਪੀਜੀਆਈ ਵਿਚ ਪਰਵਿੰਦਰ ਸਿੰਘ ਝੋਟਾ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਵਾਉਣ ਦੀ ਪ੍ਰਕਿਰਿਆ ਤੋਂ ਬਾਅਦ ਦੇਹ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਪਰਿਵਾਰ ਦੀ ਇੱਛਾ ਅਨੁਸਾਰ ਅੰਤਿਮ ਸਸਕਾਰ ਉਨ੍ਹਾਂ ਦੇ ਆਪਣੇ ਖੇਤਾਂ ਵਿਚ ਕੀਤਾ ਜਾਵੇਗਾ।

ਫਿਲਹਾਲ ਅੰਤਿਮ ਸਸਕਾਰ ਦੀਆਂ ਤਿਆਰੀਆਂ ਸਬੰਧੀ ਪਰਿਵਾਰ ਅਤੇ ਐਕਸ਼ਨ ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਅੰਤਿਮ ਸਸਕਾਰ ਦੇ ਸਮੇਂ ਬਾਰੇ ਅਧਿਕਾਰਤ ਜਾਣਕਾਰੀ ਪੋਸਟਮਾਰਟਮ ਤੋਂ ਬਾਅਦ ਦਿੱਤੀ ਜਾਵੇਗੀ।

## ਕੈਨੇਡਾ 6,22,000 ਲੋਕਾਂ ਨੂੰ ਦੇਵੇਗਾ PR ! ਪੰਜਾਬੀਆਂ ਦੀਆਂ ਲੱਗਣਗੀਆਂ ਮੌਜ਼ਾਂ

**ਸਾਂਝੀ ਖ਼ਬਰ**



(ਸੁਖਜੀਤ ਕੌਰ)
ਇੰਟਰਨੈਸ਼ਨਲ ਡੈਸਕ,
06 ਨਵੰਬਰ

ਕੈਨੇਡਾ ਵਿੱਚ ਪਰਮਾਨੈਂਟ ਰੈਜੀਡੈਂਸੀ (ਪੀ. ਆਰ.) ਦੀ ਉਡੀਕ ਕਰ ਰਹੇ ਲੱਖਾਂ ਲੋਕਾਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਆਪਣੇ ਨਵੇਂ ਇਮੀਗ੍ਰੇਸ਼ਨ ਲੈਵਲ ਪਲਾਨ ਅਤੇ ਬਜਟ 2026 ਦੇ ਤਹਿਤ ਸਾਲ 2027 ਦੇ ਅੰਤ ਤੱਕ 6,22,000 ਤੱਕ ਨਵੇਂ ਪੱਕੇ ਨਿਵਾਸੀ ਬਣਾਉਣ ਦਾ ਵੱਡਾ ਐਲਾਨ ਕੀਤਾ ਹੈ। 5 ਨਵੰਬਰ 2026 ਨੂੰ ਪ੍ਰਕਾਸ਼ਿਤ ਕੀਤੇ ਗਏ 'ਬਜਟ 2026' ਅਤੇ '2027–2029 ਇਮੀਗ੍ਰੇਸ਼ਨ ਲੈਵਲ ਪਲਾਨ' ਵਿੱਚ ਸਰਕਾਰ ਨੇ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ 2,00,000 ਤੱਕ ਅਸਥਾਈ ਨਿਵਾਸੀਆਂ ਨੂੰ 2027 ਦੇ ਅੰਤ ਤੱਕ ਪੱਕੇ ਨਿਵਾਸੀ (PR) ਬਣਾਉਣ ਦੀਆਂ ਵਿਸ਼ੇਸ਼ ਯੋਜਨਾਵਾਂ ਦਾ ਖੁਲਾਸਾ ਕੀਤਾ ਹੈ।

ਸਰਕਾਰ ਦੀ ਯੋਜਨਾ ਅਨੁਸਾਰ 2027 ਤੱਕ ਅਸਥਾਈ ਨਿਵਾਸੀਆਂ ਨੂੰ ਪੱਕਾ ਕਰਨ ਲਈ ਰੱਖੇ ਗਏ 2,00,000 ਕੋਟੇ ਵਿੱਚੋਂ 1,00,000 ਸੀਟਾਂ ਐਕਸਪ੍ਰੈੱਸ ਐਂਟਰੀ ਅਤੇ ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ (PNP) ਰਾਹੀਂ ਕੁਸ਼ਲ ਕਾਮਿਆਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, 2027 ਵਿੱਚ ਨਵੇਂ ਆਉਣ ਵਾਲੇ ਪੱਕੇ ਨਿਵਾਸੀਆਂ ਲਈ ਪ੍ਰਮੁੱਖ ਟੀਚਾ 4,22,000 ਰੱਖਿਆ ਗਿਆ ਹੈ।


ਸਰਕਾਰ ਦੁਆਰਾ ਸਾਲ 2028 ਅਤੇ 2029 ਲਈ ਵੀ ਇਮੀਗ੍ਰੇਸ਼ਨ ਦੇ ਟੀਚੇ ਨਿਰਧਾਰਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਹਰੇਕ ਸਾਲ ਲਈ 3,80,000 ਪੱਕੇ ਨਿਵਾਸੀਆਂ ਦਾ ਮੱਧ-ਬਿੰਦੂ ਟੀਚਾ ਰੱਖਿਆ ਗਿਆ ਹੈ:

ਆਰਥਿਕ ਇਮੀਗ੍ਰੇਸ਼ਨ : 2,44,700
ਪਰਿਵਾਰਕ ਮਿਲਣੀ : 81,000
ਸ਼ਰਨਾਰਥੀ ਤੇ ਸੁਰੱਖਿਅਤ ਵਿਅਕਤੀ : 49,300
ਮਾਨਵਤਾਵਾਦੀ ਤੇ ਹੋਰ ਆਧਾਰ : 5,000

ਇਸ ਦੇ ਨਾਲ ਹੀ ਕਿਊਬੈਕ ਤੋਂ ਬਾਹਰ ਫ੍ਰੈਂਚ ਭਾਸ਼ਾ ਬੋਲਣ ਵਾਲੇ ਪ੍ਰਵਾਸੀਆਂ ਲਈ ਵੀ ਟੀਚੇ ਵਧਾਏ ਗਏ ਹਨ, ਜੋ 2027 ਵਿੱਚ 9.5%, 2028 ਵਿੱਚ 10.5% ਅਤੇ 2029 ਵਿੱਚ 12% ਤੱਕ ਰੱਖੇ ਗਏ ਹਨ। ਇਸ ਯੋਜਨਾ ਵਿੱਚ ਸਾਲ 2027 ਲਈ ਅਸਥਾਈ ਨਿਵਾਸ ਦੇ ਦਾਖਲਿਆਂ ਦੀ ਗਿਣਤੀ 370,000 ਨਿਰਧਾਰਤ ਕੀਤੀ ਗਈ ਹੈ, ਜਿਸ ਵਿੱਚੋਂ 220,000 ਥਾਵਾਂ ਅਸਥਾਈ ਵਿਦੇਸ਼ੀ ਕਾਮਿਆਂ ਲਈ ਅਤੇ 150,000 ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹਨ। ਵਿਦੇਸ਼ੀ ਕਾਮਿਆਂ ਲਈ ਰੱਖੀਆਂ ਗਈਆਂ ਥਾਵਾਂ ਵਿੱਚੋਂ, 50,000 ਥਾਵਾਂ 'ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ' (TFWP) ਤਹਿਤ ਜਾਰੀ ਕੀਤੇ ਜਾਣ ਵਾਲੇ ਵਰਕ ਪਰਮਿਟਾਂ ਲਈ ਹਨ। ਇਹਨਾਂ ਲਈ 'ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ' (LMIA) ਦੀ ਲੋੜ ਹੁੰਦੀ ਹੈ, ਜਿਸ ਰਾਹੀਂ ਇਹ ਸਾਬਤ ਕਰਨਾ ਪੈਂਦਾ ਹੈ ਕਿ ਕੋਈ ਵੀ ਯੋਗ ਕੈਨੇਡੀਅਨ ਨਾਗਰਿਕ ਜਾਂ ਸਥਾਈ ਨਿਵਾਸੀ ਕੰਮ 'ਤੇ ਰੱਖਣ ਲਈ ਉਪਲਬਧ ਨਹੀਂ ਸੀ। ਬਾਕੀ 170,000 ਵਰਕ ਪਰਮਿਟ 'ਇੰਟਰਨੈਸ਼ਨਲ ਮੋਬਿਲਿਟੀ ਪ੍ਰੋਗਰਾਮ' (IMP) ਰਾਹੀਂ ਜਾਰੀ ਕੀਤੇ ਜਾਣਗੇ, ਅਤੇ ਇਹਨਾਂ ਲਈ LMIA ਦੀ ਲੋੜ ਤੋਂ ਛੋਟ ਦਿੱਤੀ ਗਈ ਹੈ।। 2028 ਅਤੇ 2029 ਲਈ ਵੀ ਅਸਥਾਈ ਵੀਜ਼ਿਆਂ ਦੇ ਇਹੀ ਟੀਚੇ ਬਰਕਰਾਰ ਰਹਿਣਗੇ।

## ਅੰਮ੍ਰਿਤਸਰ 'ਚ 36 ਕਿਲੋ ਹੈਰੋਇਨ ਸਣੇ 4 ਮੁਲਜ਼ਮ ਗ੍ਰਿਫ਼ਤਾਰ

**ਸਾਂਝੀ ਖ਼ਬਰ**




(ਸੰਦੀਪ ਸਿੰਘ)
ਅੰਮ੍ਰਿਤਸਰ, 06 ਨਵੰਬਰ

ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਇੱਕ ਨਾਬਾਲਗ ਸਮੇਤ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਮੁਲਜ਼ਮਾਂ ਕੋਲੋਂ 36 ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਦੀ ਟਵੀਟ ਕਰ ਕੇ ਦਿੱਤੀ ਹੈ। ਡੀ. ਜੀ. ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਕਥਿਤ ਤੌਰ 'ਤੇ ਵਿਦੇਸ਼ੀ ਹੈਂਡਲਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਉਹ ਭਾਰਤ-ਪਾਕਿਸਤਾਨ ਸਰਹੱਦ ਨੇੜੇ ਲੋਪੋਕੇ ਇਲਾਕੇ ਵਿੱਚ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕਰਕੇ ਅੱਗੇ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਮੁਲਜ਼ਮਾਂ ਖਿਲਾਫ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਡੀ. ਜੀ. ਪੀ. ਨੇ ਦੱਸਿਆ ਪੂਰੇ ਨੈੱਟਵਰਕ ਅਤੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

## ਪੰਜਾਬ ਵਿਚ ਚੱਲਦੀ ਟ੍ਰੇਨ ਨੂੰ ਲੱਗੀ ਅੱਗ! ਸਵਾਰੀਆਂ ਨੂੰ ਪਈਆਂ ਭਾਜੜਾਂ



**ਸਾਂਝੀ ਖ਼ਬਰ**

(ਗੁਰਜੀਤ ਕੌਰ)
ਪਟਿਆਲਾ, 06 ਨਵੰਬਰ

ਪਟਿਆਲਾ ਦੇ ਰਾਜਪੁਰਾ ਵਿਚ ਇਕ ਚੱਲਦੀ ਟ੍ਰੇਨ ਨੂੰ ਭਿਆਨਕ ਅੱਗ ਲੱਗ ਗਈ, ਜਿਸ ਮਗਰੋਂ ਯਾਤਰੀਆਂ ਵਿਚ ਹਫੜਾ-ਦਫੜੀ ਮੱਚ ਗਈ। ਘਟਨਾ ਮਗਰੋਂ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਕੋਸ਼ਿਸ਼ ਜਾਰੀ ਹੈ। ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਰੇਲਵੇ ਤੇ ਫ਼ਾਇਰ ਬ੍ਰਿਗੇਡ ਦੀਆਂ ਟੀਮਾਂ ਨੂੰ ਅਲਰਟ ਕੀਤਾ ਗਿਆ।

ਦੱਸਿਆ ਜਾ ਰਿਹਾ ਹੈ ਕਿ ਇਹ ਟ੍ਰੇਨ ਅੰਮ੍ਰਿਤਸਰ ਜਾ ਰਹੀ ਸੀ। ਫ਼ਿਲਹਾਲ ਅੱਗ ਲੱਗਣ ਦੇ ਕਾਰਨਾਂ ਤੇ ਨੁਕਸਾਨ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ। ਰੇਲਵੇ ਵੱਲੋਂ ਬਚਾਅ ਕਾਰਜ ਤੇ ਜਾਂਚ ਜਾਰੀ ਹੈ।

# ਫਾਊਂਡੇਸ਼ਨ ਸਮਾਜ ਸੇਵਾ ਦੇ ਖੇਤਰ ‘ਚ ਅਹਿਮ ਭੂਮਿਕਾ ਨਿਭਾਅ ਰਹੀ ਹੈ-ਸਤੀਸ਼ ਕੁਮਾਰ

ਸਾਂਝੀ ਖ਼ਬਰ

190 ਲੋੜਵੰਦ ਲੋਕਾਂ ਦੇ ਬਲੱਡ ਦਾ ਚੈੱਕਅਪ ਕੀਤਾ



ਵੀਰਪਾਲ ਭਗਤਾ,
ਭਗਤਾ ਭਾਈਕਾ-

ਮਿਸ਼ਨ ਸਿਹਤਮੰਦ ਪੰਜਾਬ ਤਹਿਤ ਲਾਇਫ ਕੇਅਰ ਫਾਊਡੇਸ਼ਨ ਵੱਲੋਂ ਨਾਮਵਰ ਸਮਾਜ ਸੇਵੀ ਆਗੂ ਰਛਪਾਲ ਸਿੰਘ ਨਿੱਕਾ ਧੀਮਾਨ ਦੇ ਜਨਮ ਦਿਨ ਦੀ ਖੁਸ਼ੀ ਵਿਚ ਲਾਇਫ ਕੇਅਰ ਫਾਉਡੇਸ਼ਨ ਦੇ ਐੱਮਡੀ ਅਵਤਾਰ ਸਿੰਘ ਬੈਨੀਪਾਲ ਦੀ ਦੇਖ ਰੇਖ ਹੇਠ ਚੈਰੀਟੇਬਲ ਲੈਬੋਰੇਟਰੀ ਭਗਤਾ ਭਾਈਕਾ ਵਿਖੇ ਬਲੱਡ ਚੈੱਕ-ਅਪ ਕੈਂਪ ਲਗਾਇਆ ਗਿਆ, ਜਿਸ ਵਿਚ 190 ਲੋੜਵੰਦ ਲੋਕਾਂ ਦੇ ਬਲੱਡ ਦਾ ਚੈੱਕਅਪ ਕੀਤਾ ਗਿਆ।

ਇਸ ਮੌਕੇ ਐੱਨਜੀਓ ਵਰਕਰ ਸਤੀਸ਼ ਕੁਮਾਰ ਨੇ ਕਿਹਾ ਕਿ ਲਾਈਫ ਕੇਅਰ ਫਾਊਂਡੇਸ਼ਨ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾਂ ਰਹੇ ਉਪਰਾਲੇ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਅਤੇ ਆਮ ਲੋਕਾਂ ਨੂੰ ਘੱਟ ਖ਼ਰਚੇ ’ਤੇ ਮੈਡੀਕਲ ਜਾਂਚ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸੰਸਥਾ ਵੱਲੋਂ ‘ਮਿਸ਼ਨ ਸਿਹਤਮੰਦ ਪੰਜਾਬ’ ਤਹਿਤ 817ਵਾਂ ਚੈਰੀਟੇਬਲ ਲੈਬਾਰਟਰੀ ਮੈਗਾ ਕੈਂਪ ਲਗਾਇਆ ਗਿਆ ਹੈ ਅਤੇ ਇਸ ਕੈਂਪ ਦੌਰਾਨ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕਰਵਾਉਣ ਦੀ ਸਹੂਲਤ ਦਿੱਤੀ ਗਈ, ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਗੁਰਦਿਆਂ ਦੇ ਪੰਜ ਟੈਸਟ, ਯੂਰਿਕ ਐਸਿਡ ਅਤੇ ਸ਼ੂਗਰ ਸਮੇਤ ਵੱਖ-ਵੱਖ ਜਾਂਚਾਂ ਕੀਤੀਆਂ ਗਈਆ। ਉਨ੍ਹਾਂ ਦਾਅਵਾ ਕੀਤਾ ਕਿ ਸੰਸਥਾ ਦਾ ਮੁੱਖ ਉਦੇਸ਼ ਸਿਹਤ ਸੇਵਾਵਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣਾ ਅਤੇ ਲੋਕਾਂ ਨੂੰ ਸਮੇਂ ਸਿਰ ਆਪਣੀ ਸਿਹਤ ਦੀ ਜਾਂਚ ਕਰਵਾਉਣ ਲਈ ਜਾਗਰੂਕ ਕਰਨਾ ਹੈ। ਅਜਿਹੇ ਉਪਰਾਲੇ ਖ਼ਾਸ ਕਰਕੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਲਈ ਲਾਹੇਵੰਦ ਸਾਬਤ ਹੁੰਦੇ ਹਨ। ਸਮਾਜ ਸੇਵਾ ਦੇ ਅਜਿਹੇ ਕਾਰਜਾਂ ਨਾਲ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਦੀ ਹੈ ਅਤੇ ਲੋੜਵੰਦ ਲੋਕਾਂ ਨੂੰ ਰਾਹਤ ਮਿਲਦੀ ਹੈ। ਇਸ ਸਮੇਂ ਇਕੱਤਰ ਲੋਕਾਂ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਇਸ ਯਤਨ ਦੀ ਸਲਾਘਾ ਕਰਦੇ ਕਿਹਾ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਵੱਲ ਮਹੱਤਵਪੂਰਨ ਕਦਮ ਹਨ।

ਇਸ ਮੌਕੇ ਸਮਾਜ ਸੇਵੀ ਦਵਿੰਦਰ ਸਿੰਘ ਮਠਾੜੂ, ਸਮਾਜ ਸੇਵੀ ਰਾਮ ਸਿੰਘ ਮਲੂਕਾ, ਦਰਸਨ ਸਿੰਘ ਭਾਈਕੇ, ਹਰਿੰਦਰ ਸਿੰਘ ਹਿੰਦਾ, ਗੁਰਤੇਜ ਸਿੰਘ ਚਾਨੀ, ਨਿਰਮਲ ਸਿੰਘ ਭਗਤਾ, ਹਰਦੀਪ ਸਿੰਘ ਮਨੈਂਜਰ, ਕਰਨਦੀਪ ਸਿੰਘ ਦੂਆ, ਗੁਰਦੀਪ ਸਿੰਘ, ਵਿਜੇ ਕੁਮਾਰ ਸਿੰਗਲਾ, ਗੁਰਬਚਨ ਸਿੰਘ ਧੀਮਾਨ, ਰਾਜਾ ਸਿੰਘ ਧੀਮਾਨ, ਨਵਦੀਪ ਸਿੰਘ ਮਠਾੜੂ, ਸੁਖਜੰਟ ਸਿੰਘ ਖਾਲਸਾ, ਡਾ. ਪਰਗਟ ਸਿੰਘ ਆਦਿ ਹਾਜਰ ਸਨ।

# ਦੀਵਾਲੀ ਦੇ ਮੱਦੇਨਜ਼ਰ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ: ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ

ਸਾਂਝੀ ਖ਼ਬਰ

ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਕੀਤੀ ਜਾ ਰਹੀ ਹੈ ਵਿਸ਼ੇਸ਼ ਚੈਕਿੰਗ, ਬਾਜ਼ਾਰਾਂ ਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਿਸ ਦੀ ਪੈਦਲ ਗਸ਼ਤ ਤੇਜ਼



ਜਸਵੀਰ ਸਿੰਘ ਮਣਕੂ
ਖੰਨਾ, 6 ਨਵੰਬਰ:

ਆਉਣ ਵਾਲੇ ਦੀਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਖੰਨਾ ਪੁਲਿਸ ਵੱਲੋਂ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰ ਦਿੱਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਖੰਨਾ ਪੁਲਿਸ ਪੂਰੀ ਤਰ੍ਹਾਂ ਹਾਈ ਅਲਰਟ 'ਤੇ ਹੈ ਅਤੇ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਤਿਉਹਾਰ ਦੌਰਾਨ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਵੱਖ-ਵੱਖ ਇਲਾਕਿਆਂ ਵਿੱਚ ਵਿਸ਼ੇਸ਼ ਅਚਨਚੇਤ ਚੈਕਿੰਗ, ਤੀਬਰ ਗਸ਼ਤ ਅਤੇ ਪੈਦਲ ਗਸ਼ਤ ਕੀਤੀ ਜਾ ਰਹੀ ਹੈ। ਪੁਲਿਸ ਟੀਮਾਂ ਵੱਲੋਂ ਵਿਅਸਤ ਬਾਜ਼ਾਰਾਂ, ਜਨਤਕ ਥਾਵਾਂ, ਭੀੜ-ਭੜੱਕੇ ਵਾਲੇ ਇਲਾਕਿਆਂ ਅਤੇ ਸੰਵੇਦਨਸ਼ੀਲ ਸਥਾਨਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾ ਰਹੀ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਪੁਲਿਸ ਕਰਮਚਾਰੀਆਂ ਵੱਲੋਂ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਚੌਕਾਂ, ਬਾਜ਼ਾਰਾਂ ਅਤੇ ਹੋਰ ਮਹੱਤਵਪੂਰਨ ਥਾਵਾਂ 'ਤੇ ਪੁਲਿਸ ਦੀ ਮੌਜੂਦਗੀ ਵਧਾਈ ਗਈ ਹੈ, ਤਾਂ ਜੋ ਆਮ ਲੋਕ ਬਿਨਾਂ ਕਿਸੇ ਡਰ ਜਾਂ ਚਿੰਤਾ ਦੇ ਦੀਵਾਲੀ ਦਾ ਤਿਉਹਾਰ ਮਨਾ ਸਕਣ।

ਉਨ੍ਹਾਂ ਕਿਹਾ ਕਿ ਖੰਨਾ ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਸਾਰੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੂਰੀ ਮੁਸਤੈਦੀ ਨਾਲ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਵਸਤੂ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਵਿੱਚ ਪੁਲਿਸ ਦਾ ਸਹਿਯੋਗ ਕਰਨ।

ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਖੰਨਾ ਪੁਲਿਸ ਸਾਰਿਆਂ ਲਈ ਸੁਰੱਖਿਅਤ, ਸ਼ਾਂਤੀਪੂਰਨ ਅਤੇ ਖੁਸ਼ੀਆਂ ਭਰਿਆ ਦੀਵਾਲੀ ਦਾ ਤਿਉਹਾਰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਪੁਲਿਸ ਦੀ ਸਭ ਤੋਂ ਵੱਡੀ ਤਰਜੀਹ ਹੈ।

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸੰਦਰਭ ਵਿਚ ਪ੍ਰਭਾਤ ਫੇਰੀ ਅਮਰਜੀਤ ਸਿੰਘ ਲੂਥਰਾ ਦੇ ਨਿਵਾਸ ਤੇ ਪੁੱਜੀ

ਸਾਂਝੀ ਖ਼ਬਰ

ਆਈਆ ਸੰਗਤਾਂ ਦਾ ਪਰਿਵਾਰ ਵਲੋਂ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਫੁੱਲਾਂ ਦੀ ਵਰਖਾ ਕਰ ਸੁਆਗਤ ਕੀਤਾ ਗਿਆ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 6 ਨਵੰਬਰ

ਸਿੱਖ ਧਰਮ ਦੇ ਬਾਨੀ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਚਲ ਰਹੀ ਪ੍ਰਭਾਤ ਫੇਰੀਆਂ ਦੀ ਲੜੀ ਵਿਚ ਅੱਜ ਦੀ ਪੰਜਵੀ ਪ੍ਰਭਾਤ ਫੇਰੀ ਅਮਰਜੀਤ ਸਿੰਘ ਜੀ ਲੂਥਰਾ ਦੇ ਨਿਵਾਸ ਤੇ ਪੁੱਜੀ। ਪ੍ਰਭਾਤ ਫੇਰੀ ਦੀ ਅਰੰਭਤਾ ਅੱਜ ਸਵੇਰੇ ਸ਼੍ਰੀ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦਰਬਾਰ ਤੋਂ ਅਰਦਾਸ਼ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਹੋਈ । ਸੰਗਤਾਂ ਸ਼ਬਦ ਬਾਣੀ ਦਾ ਗਾਇਨ ਕਰਦੀਆਂ ਹੋਈਆਂ ਸ਼ਹਿਰ ਦੇ ਵੱਖ ਵੱਖ ਬਜਾਰਾਂ ਤੇ ਗਲੀਆਂ ਤੋਂ ਹੁੰਦੀਆਂ ਹੋਈਆਂ ਰਾਹ ਵਿਚ ਸ਼ਰਧਾਲੂਆਂ ਦੇ ਘਰਾਂ ਵਿਚ ਅਰਦਾਸ ਕਰਦੀਆਂ ਹੋਈਆਂ ਆਯੋਜਕ ਪਰਿਵਾਰ ਦੇ ਗ੍ਰਿਹਿ ਵਿਖੇ ਪੁੱਜੀਆਂ। ਪਰਿਵਾਰ ਵਲੋ ਆਤਿਸ਼ਬਾਜੀ ਕਰ ਫੁੱਲਾਂ ਦੀ ਵਰਖਾ ਨਾਲ ਆਈਆਂ ਸੰਗਤਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਪਰਿਵਾਰ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਸੁੰਦਰ ਪਾਲਕੀ ਵਿਚ ਸ਼ੁਸ਼ੋਭਿਤ ਕੀਤਾ ਗਿਆ ਸੀ। ਨੌਜੁਆਨ ਸੇਵਕ ਸਭਾ ਸ਼ਬਦੀ ਜਥੇ ਦੇ ਵੀਰਾਂ ਤੇ ਇਸਤਰੀ ਸਤਿ ਸੰਗਿ ਸਭਾ ਦੀਆਂ ਬੀਬੀਆਂ ਨੇ ਸ਼ਬਦ ਗਾਇਨ ਤੇ ਨਾਮ ਸਿਮਰਨ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਪੰਥ ਪ੍ਰਸਿੱਧ ਵਿਦਵਾਨ ਗਿਆਨੀ ਸਾਹਿਬ ਸਿੰਘ ਜੀ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ ਤੇ ਉਨਾਂ ਨੂੰ ਗੁਰਬਾਣੀ ਦੇ ਲੜ ਲੱਗਣ ਲਈ ਪ੍ਰੇਰਿਆ। ਮੰਚ ਦਾ ਸੰਚਾਲਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਕਤਰ ਨਰਿੰਦਰ ਸਿੰਘ ਭਿੰਡਰ ਨੇ ਨੌਜੁਆਨਾਂ ਨੂੰ ਨਾਮ ਬਾਣੀ ਜਪੱਣ ਤੇ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਆ। ਉਨਾਂ ਨੇ ਮਾਂਪਿਆਂ ਨੂੰ ਵੀ ਅੀਪਲ ਕੀਤੀ ਕਿ ਉਹ ਆਪਣੇ ਬਚਿੱਆਂ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਬਨਾਉਣ ਤੇ ਮਾਂ ਬੋਲੀ ਦਾ ਸਤਕਾਰ ਕਰਨ ਤੇ ਘਰਾਂ ਵਿਚ ਆਪਣੀ ਮਾਂ ਬੋਲੀ ਪੰਜਾਬੀ ਨੂੰ ਹੀ ਤਰਜੀਹ ਦੇਣ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਇੰਦਰਜੀਤ ਸਿੰਘ ਐਡਵੋਕੇਟ ਨੇ ਪ੍ਰਭਾਤ ਫੇਰੀ ਦੌਰਾਨ ਨੌਜੁਆਨਾਂ ਤੇ ਸੰਗਤਾਂ ਨੂੰ ਪ੍ਰਸ਼ਨੋਤਰੀ ਰਾਹੀਂ ਗੁਰੂ ਸਾਹਿਬ ਜੀ ਦੇ ਜੀਵਨ ਇ ਤਿਹ ਾਸ , ਬ ਾਣ ੀ ਵਿਚਾਰਧਾਰਾ,ਰਹਿਤ ਮਰਿਯਾਦਾ, ਸਿੱਖ ਹਸਤੀਆਂ ਬਾਰੇ ਸੁਆਲ ਪੁੱਛੇ ਤੇ ਸਹੀ ਜੁਆਬ ਦੇਣ ਵਾਲਿਆਂ ਨੂੰ ਇਨਾਮ ਵੀ ਦਿੱਤੇ ਗਏ। ਉਨਾਂ ਕਿਹਾ ਕਿ ਇਸ ਪ੍ਰਸ਼ਨੋਤਰੀ ਦਾ ਉਦੇਸ਼ ਹੈ ਕਿ ਨੌਜੁਆਨਾਂ ਨੂੰ ਆਪਣੇ ਵਿਰਸੇ ਬਾਰੇ ਜਾਣੂੰ ਕਰਾਉਣਾ ਸੀ। ਉਨਾਂ ਦਿੱਸਆ ਕਿ ਕੱਲ ਦੀ ਪ੍ਰਭਾਤ ਫੇਰੀ ਸ੍ਰ ਜੋਗਿੰਦਰ ਸਿੰਘ ਜੀ ਦੇ ਸੱਦੇ ਤੇ ਪੰਜਾਬੀ ਢਾਬਾ ਸਾਹਾ ਰੋਡ ਤੇ ਜਾਏਗੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਭਾਤਫੇਰੀ ਦੇ ਆਯੋਜਕ ਪਰਿਵਾਰ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਰਿੰਦਰ ਸਿੰਘ ਸਲੈਚ, ਸਰਬਜੋਤ ਸਿੰਘ, ਕਸ਼ਮੀਰ ਸਿੰਘ ਸਰਾਫ, ਜਗਜੀਤ ਸਿੰਘ ਮੱਕੜ, ਮਨਜੀਤ ਸਿੰਘ, ਟਿੰਮੀ ਵੀਰ ਜੀ, ਭਗਵੰਤ ਸਿੰਘ ਖਾਲਸਾ,ਜਗਮੋਹਨ ਸਿੰਘ, ਸ਼ਰਨਦੀਪ ਸਿੰਘ, ਕੁਲਜੀਤ ਕੌਰ, ਬਲਜੀਤ ਕੌਰ,ਮਨਪ੍ਰੀਤ ਕੌਰ, ਸੁਰਿੰਦਰ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾ ਮੌਜੂਦ ਸਨ। ਆਯੋਜਕ ਪਰਿਵਾਰ ਵਲੋਂ ਸੰਗਤਾਂ ਲਈ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਸਨ।

# ਹਰਵਿੰਦਰ ਸਿੰਘ ਸਰਾਂ ਨੇ ਡੀਐੱਸਪੀ ਸਰਦੂਲਗੜ੍ਹ ਵਜੋਂ ਸੰਭਾਲਿਆ ਅਹੁਦਾ

ਸਾਂਝੀ ਖ਼ਬਰ

*ਇਲਾਕਾ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਦਿੱਤੀਆਂ ਵਧਾਈਆਂ, ਸ਼ਰਾਰਤੀ ਅਨਸਰਾਂ ਨੂੰ ਕੀਤੀ ਤਾੜਨਾ*



(ਵਰਿੰਦਰ ਸਿੰਘ ):
ਸਰਦੂਲਗੜ੍ਹ, 6 ਨਵੰਬਰ

ਹਰਵਿੰਦਰ ਸਿੰਘ ਸਰਾਂ ਨੇ ਡੀਐੱਸਪੀ ਸਰਦੂਲਗੜ੍ਹ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਮੀਡੀਆ ਕਲੱਬ ਸਰਦੂਲਗੜ੍ਹ ਦੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਇਲਾਕਾ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਹਾਰਦਿਕ ਵਧਾਈਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣਾ ਪੁਲਿਸ ਦੀ ਮੁੱਖ ਤਰਜੀਹ ਰਹੇਗੀ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਆਕਸਫ਼ੋਰਡ ਸਕੂਲ ਨੇ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਦਾ ਸੁਨੇਹਾ ਦਿੱਤਾ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਦਾ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ ਵਿਖੇ ਬੰਦੀ-ਛੋੜ ਦਿਵਸ ਅਤੇ ਦਿਵਾਲੀ ਦੇਤਿਉਹਾਰ ਨੂੰ ਮੁੱਖ ਰੱਖਦੇ ਹੋਏ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਵਿੱਚਪਹਿਲੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰ-ਥੀਆਂ ਲਈ ਦੀਵਾ, ਮੋਮਬੱਤੀ ਦੀ ਸਜਾਵਟ, ਕਲਾਸ ਰੰਗੋਲੀ, ਗਰੀਟਿੰਗ ਕਾਰਡ, ਮੋਮਬੱਤੀ ਸਟੈਂਡ ਦੀ ਸਜਾਵਟ, ਪੂਜਾ-ਥਾਲੀ ਦੀ ਸਜਾਵਟ, ਲਿੱਪਣਆਰਟ-ਕਰਾਫਟ ਅਤੇ ਪੈੱਨ ਹੋਲਡਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ “ਹਰੀ-ਭਰੀਦਿਵਾਲੀ” ਅਤੇ “ਪਟਾਕਿਆਂ ਨੂੰ ਨਾਂਹ” ਦੇ ਵੀ ਸਲੋਗਨ ਮੁਕਾਬਲੇ ਕਰਵਾਏ ਗਏ। ਦੂਸਰੀ ਜਮਾਤ ਤੋਂ ਬਾਰ੍ਹਵੀਂਜਮਾਤ ਦੇ ਵਿਦਿਆਰਥੀਆਂ ਵਿਚਕਾਰ ਰੰਗੋਲੀ, ਕਾਰਡ ਅਤੇ ਹਾਊਸ ਡਿਸਪਲੇਅ ਬੋਰਡ ਦੀ ਸਜਾਵਟਕ-ਰਨੀ ਆਦਿ ਦਾ ਇੰਟਰ ਹਾਊਸ ਮੁਕਾਬਲਾ ਹੋਇਆ। ਸਾਰੇ ਵਿਦਿਆਰਥੀਆਂ ਨੇ ਆਪਣੇ-ਆਪਣੇ ਹੁਨਰਦਾ ਪ੍ਰਗਟਾਵਾ ਕੀਤਾ।ਰੰਗੋਲੀ ਮੁਕਾਬਲੇ ਵਿੱਚ ਛੋਹੀਆਂ ਗਈਆਂ ਵੱਖ-ਵੱਖ ਕਲਾਕ੍ਰਿਤੀਆਂ ਸਭ ਦਾ ਮਨ ਮੋਹਰਹੀਆਂ ਸਨ। ਜ਼ਿਕਰਯੋਗ ਹੈ ਕਿ ਉਨਾਂ ਨੇ ਆਪਣੀਆਂ ਕਲਾ-ਕ੍ਰਿ-ਤੀਆਂ ਰਾਹੀਂ ਹਰੀ ਭਰੀ ਦਿਵਾਲੀ-ਮਨਾਉਣ ਦਾ ਸੁਨੇਹਾ ਦਿੱਤਾ।ਜਿੱਥੇ ਵਿਦਿਆਰਥੀਆਂ ਨੇ ਆਪਣੀ-ਆਪਣੀ ਡਰਾਇੰਗ ਕਲਾ ਰਾਂਹੀਇ-ਤਿਹਾਸ ਨੂੰ ਸੁਰਜੀਤ ਕੀਤਾ ਉੱਥੇ ਉਨਾਂ ਨੇ ਇਸ ਰਾਹੀਂ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਲਈ ਪ੍ਰੇਰਿਤ ਵੀਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਕਿਹਾ ਕਿ ਇਹ ਤਿਉਹਾਰ ਸਾਡੀ ਪੂੰਜੀ, ਸਾਡਾਸਰਮਾਇਆ ਹਨ, ਜੋ ਸਾਨੂੰ ਵਿਰਾਸਤ ਵਿੱਚ ਮਿਲੇ ਹਨ। ਸਾਨੂੰ ਸਭ ਨੂੰ ਰਲ ਕੇ ਇਹ ਤਿਉਹਾਰ ਮਨਾਉਣੇਚਾਹੀਦੇ ਹਨ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਦਿਵਾਲੀ ਪ੍ਰਦੂਸ਼ਣ ਰਹਿਤ ਹੀ ਮਨਾਉਣੀ ਚਾਹੀਦੀ ਹੈ ਤਾਂਕਿ ਸਾਡਾ ਵਾਤਾਵਰਨ ਪ੍ਰਦੂਸ਼ਣ ਰਹਿਤ ਰਹੇ ਅਤੇ ਸਾਨੂੰ , ਜੀਵ-ਜੰਤੂਆਂ ਨੂੰ ਸਾਹ ਲੈਣ ਵਿੱਚ ਔਖ ਨਾ ਆਵੇ।ਉਨ੍ਹਾਂ ਵਿਸ਼ਲੇਸ਼ਣ ਕਰਦੇ ਹੋਏ ਦੱਸਿਆ ਕਿ ਅਸੀਂ ਕਰੋੜਾਂ ਰੁਪਏ ਪਟਾਕਿਆਂ ਦੇ ਰੂਪ ਵਿੱਚ ਜਲਾ ਦਿੰਦੇ ਹਾਂ ਜੋਕਿ ਬਹੁਤ ਗਲਤ ਗੱਲ ਹੈ। ਸਾਨੂੰ ਇਹ ਦਿਵਸ ਬਿਨ੍ਹਾਂ ਸ਼ੋਰ-ਸ਼ਰਾਬੇ ਤੋਂ ਸਦ-ਭਾਵਨਾ ਸਹਿਤ ਮਨਾਉਣਾਚਾਹੀਦਾ ਹੈਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਬਰਾੜ ਸਾਬਕਾ ਚੇਅਰਮੈਨਮਾਰ-ਕੀਟ ਕਮੇਟੀ ਭਗਤਾ, ਹਰਗੁਰਪ੍ਰੀਤ ਸਿੰਘ ਗਗਨ ਬਰਾੜ ਚੇਅਰਮੈਨ, ਗੁਰਮੀਤ ਸਿੰਘ ਗਿੱਲ ਪ੍ਰਧਾਨ, ਪਰਮਪਾਲ ਸਿੰਘ ‘ਸ਼ੈਰੀ ਢਿੱਲੋਂ’ ਵਾਈਸ ਚੇਅਰਮੈਨ, ਗੁਰਮੀਤ ਸਿੰਘ ਗਿੱਲ ਸਰਪੰਚ ਵਿੱਤ-ਸਕੱਤਰ ਨੇਅਧਿਆਪਕ, ਹੈਲਪਰਜ਼ ਅਤੇ ਡਰਾਈਵਰਾਂ ਨੂੰ ਤੋਹਫੇ ਦੇ ਕੇ ਦਿਵਾਲੀ ਅਤੇ ਬੰਦੀ-ਛੋੜ ਦਿਵਸ ਦੀ ਵਧਾਈਦਿੱਤੀ।ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਸੁਨੇਹਾ ਦਿੱਤਾ ਕਿ ਦਿਵਾਲੀ ਸ਼ੋਰ ਸ਼ਰਾਬੇ ਦਾ ਨਹੀ ਸਗੋਂ ਰੌਸ਼ਨੀ ਦਾਤਿਉਹਾਰ ਹੈ। ਇਸ ਲਈ ਦਿਵਾਲੀ ਹਰੀ-ਭਰੀ ਹੀ ਮਨਾਈ ਜਾਵੇ ਤਾਂ ਕਿ ਕੁਦਰਤ ਦਾ ਸੁੰਤਲਨ ਨਾ ਵਿਗੜੇ।ਉਨਾਂ ਨੇ ਕਿਹਾ ਕਿ ਪਟਾਕਿਆਂ ਦੇ ਕਾਰਨ ਹਵਾ ਦੀ ਗੁਣਵੱਤਾ ਬਹੁਤ ਪ੍ਰਭਾਵਿਤ ਹੁੰਦੀ ਹੈ, ਜਿਸ ਕਾਰਨ ਸਾਨੂੰਸਾਹ ਲੈਣ ‘ਚ ਵੀ ਕਠਨਾਈ ਹੋ ਸਕਦੀ ਹੈ ।ਇਸ ਲਈ ਦਿਵਾਲੀ ਨੂੰ ਹਰੀ-ਭਰੀ ਬਣਾ ਕੇ ਯਾਦਗਾਰੀ ਬਣਾਇਆ ਜਾਵੇ।

# ਦੀਵਾਲੀ, ਗੋਵਰਧਨ ਪੂਜਾ ਤੇ ਭੈਯਾ ਦੂਜ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ

ਸਾਂਝੀ ਖ਼ਬਰ




ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 6 ਨਵੰਬਰ

ਸਤਲੁਜ ਸੀਨੀਅਰ ਸੰਕੈਡਰੀ ਸਕੂਲ ਵਿਚ ਦੀਵਾਲੀ, ਗੋਵਰਧਨ ਪੂਜਾ ਤੇ ਭੈਯਾ ਦੂਜ ਦੇ ਸੰਦਰਭ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦਾ ਉਦਘਾਟਨ ਸਕੂਲ ਦੇ ਪ੍ਰਿੰਸੀਪਲ ਡਾ ਆਰ ਐਸ ਘੁੰਮਣ ਨੇ ਦੀਪ ਪ੍ਰਜਵਿਲਤ ਕਰ ਕੇ ਕੀਤਾ। ਵਿਦਿਆਰਥੀਆਂ ਨੇ ਨਾਚ, ਕਵਿਤਾ ਪਾਠ, ਭਾਸ਼ਣ ਤੇ ਵੱਖ ਵੱਖ ਪੇਸ਼ਕਾਰੀਆਂ ਰਾਹੀਂ ਤਿਓਹਾਰਾਂ ਦੀਆਂ ਖੁਸ਼ੀਆਂ ਸਾਂਝੀਆ ਕੀਤੀਆਂ। ਪ੍ਰੋਗਰਾਮ ਦਾ ਮੁੱਖ ਖਿੱਚ ਦਾ ਕੇਂਦਰ ਵਿਦਿਆਰਥੀਆਂ ਵਲੋਂ ਪੇਸ਼ ਕੀਤਾ ਗਿਆ ਰਮਾਇਣ ਤੇ ਆਧਾਰਿਤ ਇਕ ਵਿਸ਼ੇਸ਼ ਨਾਟਕ ਸੀ , ਜਿਸ ਵਿਚ ਵਿਦਿਆਰਥੀਆਂ ਨੇ ਭਗਵਾਨ ਰਾਮ, ਮਾਤਾ ਸੀਤਾ, ਲਛਮਣ ਤੇ ਹਨੂੰਮਾਨ ਦੇ ਰੂਪ ਵਿਚ ਸਜੇ ਹੋਏ ਆਪਣੇ ਪ੍ਰਦਰਸ਼ਨਾਂ ਨਾਲ ਸਾਰਿਆਂ ਨੂੰ ਮੋਹਿਤ ਕੀਤਾ। ਇਸ ਪੇਸ਼ਕਾਰੀ ਰਾਹੀਂ ਵਿਦਿਆਰਥੀਆਂ ਨੇ ਭਗਵਾਨ ਰਾਮ ਦੇ ਆਦਰਸ਼ਾਂ,ਸੱਚਾਈ, ਧਾਰਮਿਕਤਾ ਤੇ ਬੁਰਾਂਈ ਤੇ ਚੰਗਿਆਈ ਦੀ ਜਿੱਤ ਨੂੰ ਦਰਸਾਇਆ। ਸਟੇਜ ਦਾ ਸੰਚਾਲਨ ਦਸਵੀਂ ਜਮਾਤ ਦੀਆਂ ਵਿਦਿਆਰ-ਥਣਾਂ ਖੁਸ਼ਪ੍ਰੀਤ ਤੇ ਸਿਮਰਨ ਨੇ ਸੁੰਦਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਵਿਦਿਆਰਥੀਆਂ ਦੇ ਰਚਨਾਤਮਕ ਹੁਨਰ ਨੂੰ ਪ੍ਰਦਸ਼ਿਤ ਕਰਨ ਲਈ ਇਸ ਮੌਕੇ ਮਿੱਟੀ ਦੇ ਦੀਵੇ, ਮੋਮਬੱਤੀ ਤੇ ਰੰਗੋਲੀ ਬਨਾਉਣ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿਚ ਬਚਿੱਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ ਤੇ ਉਨਾਂ ਨੇ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਸੁੰਦਰ ਤੇ ਦਿਲ ਖਿਚਵੀਆਂ ਕਲਾ ਕ੍ਰਿਤੀਆਂ ਤਿਆਰ ਕੀਤੀਆਂ। ਦੀਵਾ ਤੇ ਮੋਮਬੱਤੀ ਮੁਕਾਬਲੇ ਵਿਚ ਤੀਜੀ ਜਮਾਤ ਦੀ ਰੀਆ ਨੇ ਪਹਿਲਾ,ਹਰਮਨ ਨੇ ਦੂਜਾ, ਤੇ ਮਨਕੀਰਤ ਨੇ ਤੀਜਾ ੇ ਚੌਥੀ ਜਮਾਤ ਚ ਭੂਮਿਕਾ ਨੇ ਪਹਿਲਾ,ਰਿਤਿਕਾ ਨੇ ਦੂਜਾ,ਆਦੇਸ਼ ਨੇ ਤੀਜਾ, ਪੰਜਵੀਂ ਜਮਾਤ ਤੋਂ ਕਾਵਿਆ ਨੇ ਪਹਿਲਾ,ਇਵਨੀਤ ਨੇ ਦੂਜਾ,ਤੇ ਹਰ ਸਿਮਰ ਨੇ ਤੀਜਾ , ਰੰਗੋਲੀ ਵਿਚ ਛੇਵੀਂ ਜਮਾਤ ਦੀ ਅੰਕਿਤਾ ਤੇ ਜਸਪ੍ਰੀਤ ਨੇ ਪਹਿਲਾ, ਵਿਧੀ ਤੇ ਪ੍ਰੀਤੀ ਨੇ ਦੂਜਾ,ਐਵਲਿਨ ਤੇ ਪੂਰਨਿਮਾ ਨੇ ਤੀਜਾ ਸਤਵੀਂ ਜਮਾਤ ਚ ਸੁਸ਼ਮਾ ਤੇ ਮੋਨੀ ਨੇ ਪਹਿਲਾ, ਦਿਵਜੋਤ ਤੇ ਆਲੀਸ਼ਾ ਨੇ ਦੂਜਾ,ਮੰਨਤ ਤੇ ਸਨਾ ਨੇ ਤੀਜਾ, ਇਸੇ ਤਰਾਂ ਅਠਵੀਂ ਜਮਾਤ ਚ ਰਮਨ ਤੇ ਗ੍ਰੇਟਿਕਾ ਨੇ ਪਹਿਲਾ,ਇਸ਼ਿਤਾ ਤੇ ਮਾਹੀ ਨੇ ਦੂਜਾ,ਜਸਪ੍ਰੀਤ ਤੇ ਤਨਵੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਆ ਆਰ ਐਸ ਘੁੰਮਣ ਨੇ ਸਾਰੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਦੀਵਾਲੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਦੀਵਾਲੀ ਸਿਰਫ ਦੀਵੇ ਜਗਾਉਣ ਦਾ ਤਿਉਹਾਰ ਨਹੀਂ ਸਗੋਂ ਸਾਡੇ ਜੀਵਨ ਵਿਚ ਗਿਆਨ,ਸਕਾਰਤਮ-ਕਤਾ ਤੇ ਸਦਭਾਵਨਾ ਦੀ ਰੌਸ਼ਨੀ ਫੈਲਾਉਣ ਦਾ ਮੌਕਾ ਹੈ। ਉਨਾਂ ਵਿਦਿਆਰਥੀਆਂ ਨੂੰ ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ ਨੂੰ ਅਪਨਾਉਣ ਤੇ ਵਾਤਾਵਰਣ ਅਨੁਕੂਲ ਤੇ ਸੁਰਖਿੱਅਤ ਦੀਵਾਲੀ ਮਨਾਉਣ ਲਈ ਉਤਸ਼ਾਹਿਤ ਕੀਤਾ। ਉਨਾਂ ਨੇ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਪ੍ਰਸ਼ੰਸ਼ਾ ਕੀਤੀ। ਸਕੂਲ ਕੋਆਰਡੀ-ਨੇਟਰ ਮਨਿੰਦਰ ਸਿੰਘ ਘੁੰਮਣ ਨੇ ਸਾਰਿਆਂ ਨੂੰ ਦੀਵਾਲੀ ਗੋਵਰਧਨ ਤੇ ਭੈਯਾ ਦੂਜ ਦੀ ਵਧਾਈ ਦਿੱਤੀ ਤੇ ਕਿਹਾ ਕਿ ਅਜੇਹੇ ਸਮਾਗਮ ਵਿਦਿਆਰਥੀਆਂ ਵਿਚ ਭਾਰਤੀ ਸਭਿਆਚਾਰ ਤੇ ਪਰੰਪਰਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਦੇ ਹਨ। ਉਨਾਂ ਕਿਹਾ ਕਿ ਤਿਓਹਾਰ ਸਾਨੂੰ ਆਪਸੀ ਪਿਆਰ, ਭਾਈਚਾਰਾ,ਏਕਤਾ ਤੇ ਖੁਸ਼ੀਆਂ ਸਾਂਝੀਆਂ ਕਰਨ ਦਾ ਸੰਦੇਸ਼ ਦਿੰਦੇ ਹਨ। ਵਾਈਸ ਪ੍ਰਿੰਸੀਪਲ ਸਤਬੀਰ ਸਿੰਘਨੇ ਕਿਹਾ ਕਿ ਅਜੇਹੇ ਸਮਾਗਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਪ੍ਰਿੰਸੀਪਲ ਸੰਤੋਸ਼ ਘੁੰਮਣ,ਸਕੂਲ ਕੋਆਰਡੀਨੇਟਰ ਮੋਨਿਕਾ ਘੁੰਮਣ , ਲੀਨਾ ਤੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ।

# ਰੂਰਲ ਹੈਲਥ ਫਾਰਮੇਸੀ ਯੂਨੀਅਨ ਪੰਜਾਬ ਦੇ ਮੈਂਬਰਾਂ ਨੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨਾਲ ਕੀਤੀ ਮੁਲਾਕਾਤ, ਸਨਮਾਨਿਤ ਕਰਕੇ ਕੀਤਾ ਧੰਨਵਾਦ

ਸਾਂਝੀ ਖ਼ਬਰ

*ਪੇਂਡੂ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਅਤੇ ਫਾਰਮੇਸੀ ਅਧਿਕਾਰੀਆਂ ਦੇ ਮੁੱਦਿਆਂ ’ਤੇ ਹੋਈ ਚਰਚਾ*

ਜਸਵੀਰ ਸਿੰਘ ਮਣਕੂ
ਖੰਨਾ, 6 ਨਵੰਬਰ :

ਰੂਰਲ ਹੈਲਥ ਫਾਰਮੇਸੀ ਅਫਸਰ ਯੂਨੀਅਨ ਪੰਜਾਬ ਦੇ ਮੈਂਬਰਾਂ ਨੇ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨਾਲ ਮੁਲਾਕਾਤ ਕੀਤੀ। ਇਸ ਮੌਕੇ ਯੂਨੀਅਨ ਦੇ ਮੈਂਬਰਾਂ ਨੇ ਮੰਤਰੀ ਸੌਂਦ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਧੰਨਵਾਦ ਅਤੇ ਅਭਿਨੰਦਨ ਕੀਤਾ। ਇਸ ਦੌਰਾਨ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਸੀ ਵਿਚਾਰ-ਵਟਾਂਦਰਾ ਕਰਦਿਆਂ ਪੇਂਡੂ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਫਾਰਮੇਸੀ ਅਧਿਕਾਰੀਆਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ’ਤੇ ਚਰਚਾ ਕੀਤੀ। ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਯੂਨੀਅਨ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਗੁਰਮੀਤ ਸਿੰਘ, ਰੁਪਿੰਦਰ ਸਿੰਘ ਰਾਜਾ, ਨਵਜੋਤ ਕੌਰ, ਰੁਪਿੰਦਰ ਕੌਰ, ਗਗਨਦੀਪ ਕੌਰ, ਰਣਦੀਪ ਭਨੋਟ, ਲਖਵਿੰਦਰ ਸਿੰਘ, ਹਰਜੀਤ ਸਿੰਘ ਸਮੇਤ ਯੂਨੀਅਨ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਮਹਾਭਾਰਤ ਦੀ ਪੁਰਾਤਨਤਾ ਦੇ ਵਿਸ਼ਲੇਸ਼ਣ ਲਈ ਪੁਰਾਤਤਵ ਸਬੂਤ ਮਹੱਤਵਪੂਰਨ ਹਨ= ਡਾ ਅਰਵਿਨ ਮੰਜੁਲ

**ਸਾਂਝੀ ਖ਼ਬਰ**

ਭਾਰਤੀ ਇਤਿਹਾਸ ਖੋਜ ਨੂੰ ਬਸਤੀਵਾਦੀ ਤੋਂ ਮੁਕਤ ਕਰਨ ਦੀ ਲੋੜ ਹੈ, ਹਰਿਆਣਾ ਦੇ ਸ਼ਾਨਦਾਰ ਇਤਿਹਾਸ ਤੇ ਸਭਿਆਚਾਰਕ ਵਿਰਾਸਤ ਤੇ 200 ਤੋਂ ਵੱਧ ਖੋਜ ਪੱਤਰਾਂ ਤੇ ਚਰਚਾ ਹੋਈ,



ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ 6 ਨਵੰਬਰ

ਹਰਿਆਣਾ ਇਤਿਹਾਸ ਕਾਂਗਰਸ ਦਾ ਦੋ ਰੋਜਾ 11ਵਾਂ ਸੈਸ਼ਨ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਹਰਿਆਣਾ ਇਤਿਹਾਸ ਕਾਂਗਰਸ, ਭਾਰਤੀ ਇਤਿਹਾਸ,ਸਭਿਆਚਾਰ,ਤੇ ਪੁਰਾਤੱਤਵ ਵਿਭਾਗ ਵਲੋਂ ਸਾਂਝੇ ਤੌਰ ਤੇ ਆਯੋਜਿਤ ਕੀਤਾ ਗਿਆ ਸੀ ,ਜੋ ਅੱਜ ਸਫਲਤਾ ਪੂਰਵਕ ਸਮਾਪਤ ਹੋਇਆ। ਇਸ ਸੈਸ਼ਨ ਵਿਚ ਦੇਸ਼ ਦੇ 18 ਸੂਬਿਆਂ ਦੇ 200 ਤੋਂ ਵੱਧ ਇਤਿਹਾਸਕਾਰਾਂ,ਖੋਜਕਰਤਾਵਾਂ ਤੇ ਵਿਦਵਾਨਾਂ ਨੇ ਹਿੱਸਾ ਲਿਆ। ਉਨਾਂ ਨੇ ਹਰਿਆਣਾ ਦੇ ਇਤਿਹਾਸ,ਸਮਾਜਿਕ ਢਾਚੇਂ ਤੇ ਸਾਂਭਿਆਚਾਰਕ ਵਿਰਾਸਤ ਦੇ ਪਹਿਲੂਆਂ ਤੇ ਵਿਆਪਕ ਵਿਚਾਰ ਵਟਾਂਦਰਾ ਕੀਤਾ। ਇਸ ਦੌਰਾਨ ਆਯੋਜਿਤ 11 ਤਕਨੀਕੀ ਸੈਸ਼ਨਾਂ ਵਿਚ 2ਸੌ ਤੋਂ ਵੱਧ ਖੋਜ ਪੱਤਰ ਪੇਸ਼ ਕੀਤੇ ਗਏ। ਸਮਾਪਤੀ ਸੈਸ਼ਨ ਦੇ ਮੁੱਖ ਮਹਿਮਾਨ ਭਾਰਤੀ ਪੁਰਾਤਤਵ ਸਰਵੇਖਣ ਦਿੱਲੀ ਦੇ ਸੰਯੁਕਤ ਡਾਇਰੈਕਟਰ ਜਨਰਲ ਡਾ ਅਰਵਿਨ ਮੰਜੁਲ ਨੇ ਮਹਾ ਭਾਰਤ ਦੀ ਪੁਰਤਨਤਾ ਨਾਲ ਸੰਬੰਧਿਤ ਵੱਖ ਵੱਖ ਇਤਿਹਾਸ ਤੇ ਪੁਰਾਤੱਤਵ ਸਬੂਤਾਂ ਦਾ ਵਿਸ਼ਲੇਸ਼ਨ ਪ੍ਰਦਾਨ ਕੀਤਾ। ਉਨਾਂ ਨੇ ਇਤਿਹਾਸਕ ਤੱਥਾਂ ਤੇ ਸਬੂਤਾਂ ਦੇ ਆਧਾਰ ਤੇ ਭਾਰਤੀ ਇਤਿਹਾਸ ਦਾ ਅਧਿਐਨ ਕਰਨ ਦੀ ਮਹੱਤਤਾ ਤੇ ਜੋਰ ਦਿੱਤਾ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਰਜਿਸਟਰਾਰ ਵਰਿੰਦਰ ਪਾਲ ਨੇ ਆਪਣੇ ਸੰਬੋਧਨ ਵਿਚ ਭਾਰਤੀ ਪਰੰਪਰਾਵਾਂ ਤੇ ਗਿਆਨ ਦੀ ਮਹੱਤਤਾ ਤੇ ਚਾਨਣਾ ਪਾਇਆ। ਉਨਾਂ ਨੇ ਖੋਜ ਲਈ ਸੰਕਲਪਿਕ ਪਹੁੰਚ ਨੂੰ ਉਪਨਿਵੇਸ਼ ਤੋਂ ਮੁਕਤ ਕਰਨ ਦੀ ਲੋੜ ਤੇ ਜੋਰ ਦਿੱਤਾ। ਤਾਂ ਜੋ ਭਾਰਤੀ ਇਤਿਹਾਸ ਦਾ ਅਧਿਐਨ ਆਪਣੀਆਂ ਪਰੰਪਰਾਵਾਂ,ਦ੍ਰਿਸ਼ਟੀ ਕੋਣਾਂ ਤੇ ਮੂਲ ਸਰੋਤਾਂ ਦੇ ਆਧਾਰ ਤੇ ਕੀਤਾ ਜਾ ਸਕੇ। ਇਸ ਮੌਕੇ ਹਰਿਆਣਾ ਇਤਿਹਾਸ ਕਾਂਗਰਸ ਦੇ ਪ੍ਰਧਾਨ ਪ੍ਰੋ ਯਸ਼ਵੀਰ ਸਿੰਘ ਜਨਰਲ ਸਕੱਤਰ ਡਾ ਸਜੱਣ ਸਿੰਘ, ਡਾ ਅਨਿਪ ਯਾਦਵ ਡਾ ਵਿਜੇ ਕੁਮਾਰ, ਕਾਰਜਕਾਰੀ ਪ੍ਰੀਸ਼ਦ ਦੇ ਮੈਂਬਰ ਡਾ ਸੁਖਵੀਰ ਸਿੰਘ, ਡਾ ਜਗਦੀਸ਼ ਸਿੰਘ, ਡਾ ਉਮਾਸ਼ੰਕਰ, ਡ ਅਜੈ ਕੁਮਾਰ, ਡਾ ਨੀਨਾ ਕੁਮਾਰੀ ਆਦਿ ਤੌ ਇਲਾਵਾ ਕਈ ਹੋਰ ਮਹਿਮਾਨ ਮੌਜੂਦ ਸਨ।

# ਮਰੀਜ਼ਾਂ ਨਾਲ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹੋਏ, ਜਲਦੀ ਸਿਹਤਯਾਬੀ ਲਈ ਮਠਿਆਈਆਂ ਭੇਟ ਕਰਦੇ ਹੋਏ

**ਸਾਂਝੀ ਖ਼ਬਰ**



ਚੰਡੀਗੜ੍ਹ, 6 ਨਵੰਬਰ,

ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨਿਸ਼ਾਂਤ ਯਾਦਵ ਦੇ ਨਿਰਦੇਸ਼ਾਂ ਹੇਠ, ਵਿਸ਼ਵਾਸ ਫਾਊਂਡੇਸ਼ਨ ਅਤੇ ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂਟੀ ਚੰਡੀਗੜ੍ਹ ਨੇ ਦੀਵਾਲੀ ਮਨਾਉਣ ਲਈ ਸੈਕਟਰ 12 ਵਿੱਚ ਪੀਜੀਆਈ ਨੇੜੇ ਰੈੱਡ ਕਰਾਸ ਇਨ ਵਿਖੇ ਮਠਿਆਈਆਂ ਵੰਡੀਆਂ। ਇਸ ਸਮਾਗਮ ਦੌਰਾਨ, ਦੂਰ-ਦੁਰਾਡੇ ਥਾਵਾਂ ਤੋਂ ਇਲਾਜ ਲਈ ਆਏ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਜਲਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਗਈ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਕਿਹਾ ਕਿ ਦੀਵਾਲੀ ਦੀ ਅਸਲ ਖੁਸ਼ੀ ਦੂਜਿਆਂ ਦੇ ਜੀਵਨ ਵਿੱਚ ਖੁਸ਼ੀ ਅਤੇ ਉਮੀਦ ਫੈਲਾਉਣ ਵਿੱਚ ਹੈ। ਇਲਾਜ ਲਈ ਘਰ ਤੋਂ ਦੂਰ ਰਹਿ ਰਹੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕਰਨਾ ਨੇੜਤਾ ਅਤੇ ਮਨੁੱਖੀ ਹਮਦਰਦੀ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਤੋਂ ਪ੍ਰੇਰਿਤ ਹੋ ਕੇ, ਸੰਸਥਾ ਲਗਾਤਾਰ ਮਾਨਵਤਾਵਾਦੀ ਕਾਰਜਾਂ ਵਿੱਚ ਲੱਗੀ ਹੋਈ ਹੈ। ਇਨ੍ਹਾਂ ਸੇਵਾਵਾਂ ਦਾ ਉਦੇਸ਼ ਲੋੜਵੰਦਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣਾ ਹੈ।

ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂਟੀ ਚੰਡੀਗੜ੍ਹ ਦੀ ਨੋਡਲ ਅਫ਼ਸਰ ਪੂਨਮ ਮਲਿਕ ਅਤੇ ਟ੍ਰੇਨਿੰਗ ਸੁਪਰਵਾਈਜ਼ਰ ਸੁਸ਼ੀਲ ਕੁਮਾਰ ਟਾਂਕ ਨੇ ਕਿਹਾ ਕਿ ਬਿਮਾਰੀ ਦੇ ਔਖੇ ਸਮੇਂ ਵਿੱਚ, ਮਰੀਜ਼ਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਤਿਉਹਾਰਾਂ ਦੌਰਾਨ ਪਿਆਰ ਅਤੇ ਸਹਾਇਤਾ ਦੇ ਕੁਝ ਪਲ ਉਨ੍ਹਾਂ ਨੂੰ ਭਾਵਨਾਤਮਕ ਸਹਾਰਾ ਦਿੰਦੇ ਹਨ। ਉਨ੍ਹਾਂ ਨੇ ਇਸ ਸੇਵਾ ਕਾਰਜ ਵਿੱਚ ਵਿਸ਼ਵਾਸ ਫਾਊਂਡੇਸ਼ਨ ਦੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸਮਾਜ ਨੂੰ ਅਪੀਲ ਕੀਤੀ ਕਿ ਉਹ ਲੋੜਵੰਦਾਂ ਨੂੰ ਵੀ ਤਿਉਹਾਰਾਂ ਦੀ ਖੁਸ਼ੀ ਵਿੱਚ ਹਿੱਸਾ ਲੈਣ।

ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਦੇ ਸੰਯੁਕਤ ਸਕੱਤਰ ਰਿਸ਼ੀ ਸਰਲ ਵਿਸ਼ਵਾਸ, ਰਿਸ਼ੀ ਪ੍ਰਭੂ ਵਿਸ਼ਵਾਸ, ਵਿਕਾਸ ਕਾਲੀਆ ਅਤੇ ਰਮੇਸ਼ ਸੁਮਨ ਮੌਜੂਦ ਸਨ। ਉਨ੍ਹਾਂ ਸਾਰਿਆਂ ਨੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਦਿਲੋਂ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ।

# ਦੀਵਾਲੀ ਦਾ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ= ਸਾਬਕਾ ਸੰਸਦ ਕੈਲਾਸ਼ੋ ਸੈਣੀ

**ਸਾਂਝੀ ਖ਼ਬਰ**



ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ 6 ਨਵੰਬਰ

ਭਾਰਤ ਪਬਲਿਕ ਸੀਨੀਅਰ ਸੰਕੈਡਰੀ ਸਕੂਲ ਬਾਬੈਨ ਵਿਚ ਦੀਵਾਲੀ ਮੇਲਾ ਬਹੁਤ ਹੀ ਉਤਸ਼ਾਹ ਤੇ ਖੁਸ਼ੀ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿਚ ਸਾਬਕਾ ਸੰਸਦ ਕੈਲਾਸ਼ੋ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੇਲੇ ਵਿਚ ਸਕੂਲ ਦੀਆਂ 10ਵੀਂ ਤੇ 12ਵੀਂ ਕਲਾਸ ਦੀਆਂ ਬਲਾਕ ਟਾਪਰ ਕਿਰਨ ਪ੍ਰੀਤ ਤੇ ਤਾਸ਼ਵੀ ਨੂੰ ਵੀ ਸੱਦਾ ਦਿੱਤਾ ਗਿਆ ਸੀ। ਮੇਲੇ ਦੌਰਾਨ ਸਾਬਕਾ ਸੰਸਦ ਮੈਂਬਰ ਕੈਲਾਸ਼ੋ ਸੈਣੀ ਨੇ ਦੋਹਾਂ ਟਾਪਰਾਂ ਨੂੰ ਸਨਮਾਨਿਤ ਕੀਤਾ। ਆਪਣੇ ਸੰਬੋਧਨ ਵਿਚ ਕੈਲਾਸ਼ੋ ਸੈਣੀ ਨੇ ਸਾਰਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਦੀਵਾਲੀ ਸਿਰਫ ਦੀਵੇ ਜਗਾਂਉਣ ਤੇ ਜਸ਼ਨ ਮਨਾਉਣ ਦਾ ਤਿਉਹਾਰ ਨਹੀਂ ਹੈ। ਸਗੋਂ ਹਨੇਰੇ ਉੱਤੇ ਰੋਸ਼ਨੀ, ਬੁਰਾਈ ਉੱਤੇ ਚੰਗਿਆਈ ਤੇ ਨਿਰਾਸ਼ਾ ਉੱਤੇ ਜਿੱਤ ਦਾ ਵੀ ਪ੍ਰਤੀਕ ਹੈ। ਉਨਾਂ ਕਿਹਾ ਕਿ ਸਾਨੂੰ ਆਪਣੇ ਜੀਵਨ ਵਿਚ ਗਿਆਨ, ਪਿਆਰ,ਸਦਭਾਵਨਾ ਤੇ ਸਕਾਰਤਮਕਤਾ ਦੀ ਦੀਵਾ ਜਗਾਉਣਾ ਚਾਹੀਦਾ ਹੈ। ।ਤਿਉਹਾਰ ਸਾਡੀ ਭਾਰਤੀ ਸਭਿਆਚਾਰ ਤੇ ਪਰੰਪਰਾਵਾਂ ਦੀ ਪਛਾਣ ਹਨ। ਇਸ ਲਈ ਸਾਨੂੰ ਆਪਣੀ ਸਭਿਆਚਾਰਕ ਵਿਰਾਸਤ ਦੀ ਕਦਰ ਕਰਨੀ ਚਾਹੀਦੀ ਹੈ ਤੇ ਆਉਣ ਵਾਲੀਆਂ ਪੀੜੀਆਂ ਵਿਚ ਇਨਾਂ ਪਰੰਪਰਵਾਂ ਨੂੰ ਪੈਦਾ ਕਰਨਾ ਚਾਹੀਦਾ ਹੈ। ਉਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਮਾਂਪਿਆਂ ਦੀ ਮਿਹਨਤ ਦੀ ਕਮਾਈ ਨੂੰ ਸਮਝਦਾਰੀ ਨਾਲ ਖਰਚ ਕਰਨ ਲਈ ਉਤਸ਼ਾਹਿਤ ਕੀਤਾ। ਸਕੂਲ ਦੇ ਵਾਈਸ ਚੇਅਰਮੈਨ ਭਰਤ ਸੈਣੀ ਨੇ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ ਕਿਤਾਬੀ ਗਿਆਨ ਹੀ ਪ੍ਰਾਪਤ ਕਰਨਾ ਨਹੀਂ ਹੈ ਸਗੋਂ ਇਕ ਚੰਗਾ ਇਨਸਾਨ ਬਨਣਾ ਵੀ ਹੈ। ਉਨਾਂ ਕਿਹਾ ਕਿ ਅਜੇਹੇ ਸਮਾਗਤ ਬਚਿੱਆਂ ਵਿਚ ਰ ਚ ਨ ਾਤ ਮ ਕ ਤ ਾ, ਆ ਤ ਮ ਵਿਸ਼ਵਾਸ਼ ਤੇ ਟੀਮ ਵਰਕ ਦੀ ਭਾਵਨਾ ਵਿਕਸਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬਲਾਕ ਸਿੱਖਿਆ ਅਧਿਕਾਰੀ ਸਤੇਂਦਰ ਦਹੀਆ ਨੇ ਸਾਰਿਆਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ।ਸਕੂਲ ਪ੍ਰਿੰਸੀਪਲ ਸੁਨੀਤਾ ਖੰਨਾ ਤੇ ਸਟਾਫ ਨੇ ਦੀਵਾਲੀ ਮੇਲੇ ਦੇ ਆਯੋਜਨ ਲਈ ਪ੍ਰਸ਼ੰਸ਼ਾ ਕੀਤੀ। ਵਿਦਿਆਰਥੀਆਂ ਨੇ ਮੇਲੇ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਸਭਿਆਚਾਰਕ ਪ੍ਰੋਗਰਾਮ ਸੁੰਦਰ ਢੰਗ ਨਾਲ ਪੇਸ਼ ਕੀਤਾ।

# ਪਟਾਕਿਆਂ ਤੋਂ ਦੂਰੀ ਬਣਾ ਕੇ ਵਾਤਾਵਰਣ ਦੀ ਸੰਭਾਲ ਕਰਨ ਲੋਕ : ਡਾ. ਅਹਿਮਦ ਮੀਲ

**ਸਾਂਝੀ ਖ਼ਬਰ**

ਪਟਾਕਿਆਂ ਦਾ ਧੂੰਆਂ ਮਨੁੱਖੀ ਸਿਹਤ ਅਤੇ ਕੁਦਰਤੀ ਵਾਤਾਵਰਣ ਲਈ ਗੰਭੀਰ ਖ਼ਤਰਾ, ਮਿੱਟੀ ਦੇ ਦੀਵੇ ਜਗਾ ਕੇ ਸਾਦਗੀ ਨਾਲ ਮਨਾਈਏ ਰੌਸ਼ਨੀਆਂ ਦਾ ਤਿਓਹਾਰ

(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 6 ਨਵੰਬਰ

ਬਾਲੀ ਹਸਪਤਾਲ ਦੇ ਐਮ.ਡੀ. ਅਤੇ ਉੱਘੇ ਸਮਾਜ ਸੇਵੀ ਡਾ. ਐਮ ਜਮੀਲ ਬਾਲੀ ਨੇ ਦੀਵਾਲੀ ਦੇ ਪਵਿੱਤਰ ਤਿਉਹਾਰ ਮੌਕੇ ਲੋਕਾਂ ਨੂੰ ਵਾਤਾਵਰਣ ਦੀ ਸੁਰੱਖਿਆ ਨੂੰ ਪਹਿਲ ਦਿੰਦਿਆਂ ਗਰੀਨ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤਿਉਹਾਰਾਂ ਦੀ ਅਸਲ ਖ਼ੁਸ਼ੀ ਦੂਜਿਆਂ ਦੀ ਸਿਹਤ ਅਤੇ ਕੁਦਰਤ ਨੂੰ ਨੁਕਸਾਨ ਪਹੁੰਚਾਉਣ ਵਿੱਚ ਨਹੀਂ, ਸਗੋਂ ਆਪਸੀ ਪਿਆਰ, ਸਾਂਝ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਖ਼ੁਸ਼ੀਆਂ ਸਾਂਝੀਆਂ ਕਰਨ ਵਿੱਚ ਹੈ। ਡਾ. ਐਮ ਜਮੀਲ ਬਾਲੀ ਨੇ ਕਿਹਾ ਕਿ ਦੀਵਾਲੀ ਰੌਸ਼ਨੀ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਹੈ, ਪਰ ਇਸ ਮੌਕੇ ਪਟਾਕਿਆਂ ਦੀ ਬੇਲੋੜੀ ਵਰਤੋਂ ਵਾਤਾਵਰਣ ਲਈ ਗੰਭੀਰ ਸਮੱਸਿਆ ਪੈਦਾ ਕਰ ਰਹੀ ਹੈ। ਪਟਾਕਿਆਂ ਵਿੱਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ, ਜਿਸ ਨਾਲ ਸਾਹ ਲੈਣ ਵਿੱਚ ਤਕਲੀਫ਼, ਖੰਘ, ਐਲਰਜੀ ਅਤੇ ਸਾਹ ਦੀਆਂ ਹੋਰ ਸਮੱਸਿਆਵਾਂ ਵਧਣ ਦਾ ਖ਼ਤਰਾ ਰਹਿੰਦਾ ਹੈ। ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ, ਬਜ਼ੁਰਗਾਂ ਅਤੇ ਪਹਿਲਾਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਉੱਤੇ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਹਵਾ ਪ੍ਰਦੂਸ਼ਣ ਦੇ ਨਾਲ-ਨਾਲ ਪਟਾਕਿਆਂ ਦਾ ਬੇਹੱਦ ਸ਼ੋਰ ਵੀ ਲੋਕਾਂ ਦੀ ਸਿਹਤ ਅਤੇ ਮਾਨਸਿਕ ਸ਼ਾਂਤੀ ਨੂੰ ਪ੍ਰਭਾਵਿਤ ਕਰਦਾ ਹੈ। ਉੱਚੀ ਆਵਾਜ਼ ਵਾਲੇ ਪਟਾਕੇ ਬਜ਼ੁਰਗਾਂ, ਛੋਟੇ ਬੱਚਿਆਂ ਅਤੇ ਬਿਮਾਰ ਵਿਅਕਤੀਆਂ ਲਈ ਖ਼ਾਸ ਤੌਰ 'ਤੇ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਪਟਾਕਿਆਂ ਕਾਰਨ ਅੱਗ ਲੱਗਣ ਅਤੇ ਹੋਰ ਹਾਦਸਿਆਂ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਇਸ ਲਈ ਖ਼ੁਸ਼ੀਆਂ ਦੇ ਇਸ ਤਿਉਹਾਰ ਨੂੰ ਕਿਸੇ



ਦੀ ਜਾਨ ਅਤੇ ਸਿਹਤ ਲਈ ਖ਼ਤਰਾ ਨਹੀਂ ਬਣਨ ਦੇਣਾ ਚਾਹੀਦਾ।

ਡਾ. ਐਮ ਜਮੀਲ ਬਾਲੀ ਨੇ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਦੀਵਾਲੀ ਮੌਕੇ ਮਿੱਟੀ ਦੇ ਦੀਵੇ ਜਗਾਉਣ, ਸਵਦੇਸ਼ੀ ਵਸਤਾਂ ਦੀ ਵਰਤੋਂ ਕਰਨ ਅਤੇ ਬਿਜਲੀ ਦੀ ਬੇਲੋੜੀ ਖਪਤ ਤੋਂ ਬਚਣ ਨੂੰ ਤਰਜੀਹ ਦਿੱਤੀ ਜਾਵੇ। ਇਸ ਨਾਲ ਨਾ ਸਿਰਫ਼ ਸਾਡੀਆਂ ਪੁਰਾਤਨ ਸੱਭਿਆਚਾਰਕ ਰਵਾਇਤਾਂ ਨੂੰ ਬਲ ਮਿਲੇਗਾ, ਸਗੋਂ ਸਥਾਨਕ ਕਾਰੀਗਰਾਂ ਅਤੇ ਛੋਟੇ ਵਪਾਰੀਆਂ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ।

ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਵਾਤਾਵਰਣ ਦੀ ਸੰਭਾਲ ਅਤੇ ਸਿਹਤਮੰਦ ਜੀਵਨਸ਼ੈਲੀ ਬਾਰੇ ਜਾਗਰੂਕ ਕਰਨਾ ਬੇਹੱਦ ਜ਼ਰੂਰੀ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਕੁਦਰਤ ਦੀ ਸੁਰੱਖਿਆ ਸਿਰਫ਼ ਸਰਕਾਰ ਜਾਂ ਕਿਸੇ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਬਲਕਿ ਹਰ ਨਾਗਰਿਕ ਦਾ ਨੈਤਿਕ ਫ਼ਰਜ਼ ਹੈ।

ਅੰਤ ਵਿੱਚ ਡਾ. ਐਮ ਜਮੀਲ ਬਾਲੀ ਨੇ ਸਮੂਹ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪਟਾਕਿਆਂ ਤੋਂ ਪਰਹੇਜ਼ ਕਰਕੇ ਦੀਵਾਲੀ ਨੂੰ ਸਾਦਗੀ, ਸਫ਼ਾਈ, ਸਦਭਾਵਨਾ ਅਤੇ ਵਾਤਾਵਰਣ ਪੱਖੀ ਢੰਗ ਨਾਲ ਮਨਾਉਣ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਅਜਿਹੀ ਹੋਣੀ ਚਾਹੀਦੀ ਹੈ ਕਿ ਦੀਵਾਲੀ ਦੀ ਰੌਸ਼ਨੀ ਸਿਰਫ਼ ਘਰਾਂ ਨੂੰ ਹੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਜ਼ਿੰਦਗੀ ਨੂੰ ਰੌਸ਼ਨ ਕਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਤੇ ਸਿਹਤਮੰਦ ਵਾਤਾਵਰਣ ਯਕੀਨੀ ਬਣੇ।

# ਭਗਵਾਨ ਵਾਲਮੀਕਿ ਜੀ ਦੀ ਮੂਰਤੀ ਸਥਾਪਨਾ ਸਬੰਧੀ ਧਾਰਮਿਕ ਸਮਾਗਮ ਕਰਵਾਇਆ

**ਸਾਂਝੀ ਖ਼ਬਰ**

ਸ੍ਰੀ ਬਾਲਯੋਗੀ ਪ੍ਰਗਟ ਨਾਥ ਜੀ, ਸੰਤ ਮਹਾਂਪੁਰਸ਼ਾਂ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਸਮਾਗਮ ਵਿੱਚ ਭਰੀ ਹਾਜ਼ਰੀ



(ਅਸ਼ਵਨੀ ਸ਼ਰਮਾਂ)

ਜੰਡਿਆਲਾ ਗੁਰੂ, 6 ਨਵੰਬਰ:

ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਕ ਨਗਰ ਜੰਡਿਆਲਾ ਗੁਰੂ ਵਿਖੇ ਸਥਿਤ ਭਗਵਾਨ ਵਾਲਮੀਕਿ ਜੀ ਦੇ ਮੰਦਰ ਵਿੱਚ ਅੱਜ ਭਗਵਾਨ ਵਾਲਮੀਕਿ ਜੀ ਦੇ ਪਾਵਨ ਸਰੂਪ ਦੀ ਪ੍ਰਾਣ ਪ੍ਰਤਿਸ਼ਠਾ ਅਤੇ ਮੂਰਤੀ ਸਥਾਪਨਾ ਸਬੰਧੀ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਇਸ ਧਾਰਮਿਕ ਸਮਾਗਮ ਵਿੱਚ ਸ੍ਰੀ ਵਾਲਮੀਕਿ ਤੀਰਥ ਸ਼ਰਾਇਨ ਬੋਰਡ ਦੇ ਚੇਅਰਮੈਨ ਅਤੇ ਉੱਘੀ ਧਾਰਮਿਕ ਸ਼ਖ਼ਸੀਅਤ ਸ੍ਰੀ ਬਾਲਯੋਗੀ ਪ੍ਰਗਟ ਨਾਥ ਜੀ ਸਮੇਤ ਹੋਰ ਸੰਤ ਮਹਾਂਪੁਰਸ਼ਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਸੂਬੇ ਦੇ ਲੋਕ ਨਿਰਮਾਣ ਮੰਤਰੀ ਅਤੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਸ. ਹਰਭਜਨ ਸਿੰਘ ਈ.ਟੀ.ਓ., ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਸੁਹਿੰਦਰ ਕੌਰ, ਨਗਰ ਕੌਂਸਲ ਜੰਡਿਆਲਾ ਗੁਰੂ ਦੇ ਪ੍ਰਧਾਨ ਸ. ਸਤਿੰਦਰ ਸਿੰਘ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਵੀ ਮੌਜੂਦ ਸਨ।

ਇਸ ਮੌਕੇ ਸੰਤ ਮਹਾਂਪੁਰਸ਼ਾਂ ਵੱਲੋਂ ਪੂਰੇ ਵਿਧੀ-ਵਿਧਾਨ ਅਤੇ ਧਾਰਮਿਕ ਮਰਿਆਦਾ ਅਨੁਸਾਰ ਭਗਵਾਨ ਵਾਲਮੀਕਿ ਜੀ ਦੇ ਪਾਵਨ ਸਰੂਪ ਦੀ ਸਥਾਪਨਾ ਅਤੇ ਪ੍ਰਾਣ ਪ੍ਰਤਿਸ਼ਠਾ ਦੀਆਂ ਰਸਮਾਂ ਨਿਭਾਈਆਂ ਗਈਆਂ। ਇਸ ਦੌਰਾਨ ਸ੍ਰੀ ਬਾਲਯੋਗੀ ਪ੍ਰਗਟ ਨਾਥ ਜੀ ਨੇ ਸੰਗਤਾਂ ਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ।

ਇਸ ਮੌਕੇ ਲੋਕ ਨਿਰਮਾਣ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਨੇ ਸਮੂਹ ਸੰਗਤਾਂ ਨੂੰ ਇਸ ਪਾਵਨ ਅਵਸਰ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜੰਡਿਆਲਾ ਗੁਰੂ ਵਿਖੇ ਸਥਿਤ ਭਗਵਾਨ ਸ੍ਰੀ ਵਾਲਮੀਕਿ ਜੀ ਦੇ ਮੰਦਰ ਨਾਲ ਸੰਗਤਾਂ ਦੀ ਅਥਾਹ ਸ਼ਰਧਾ ਅਤੇ ਵਿਸ਼ਵਾਸ ਜੁੜਿਆ ਹੋਇਆ ਹੈ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕਰਦੇ ਹਨ।

# ਜੰਡਿਆਲਾ ਗੁਰੂ ਦਾ ਇਤਿਹਾਸਕ ਗੁਰਦੁਆਰਾ ਬਾਬਾ ਹੰਦਾਲ ਜੀ ਅਤੇ ਏਸ਼ੀਆ ਦੀ ਸੱਭ ਤੋਂ ਵੱਡੀ ਮੰਡੀ ਵਿਰਾਸਤੀ ਬਰਤਨ ਬਾਜ਼ਾਰ ।

**ਸਾਂਝੀ ਖ਼ਬਰ**

(ਅਸ਼ਵਨੀ ਸ਼ਰਮਾਂ)

ਜੰਡਿਆਲਾ ਗੁਰੂ

ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੀ ਨੈਸ਼ਨਲ ਹਾਈ ਵੇ ਅੰਮ੍ਰਿਤਸਰ ਤੋਂ ਜਲੰਧਰ ਵਲ ਜਾਂਦਿਆਂ 17 ਕਿਲੋਮੀਟਰ ਤੇ ਸਤਿਥ ਜੰਡਿਆਲਾ ਗੁਰੂ ਸ਼ਹਿਰ ਧਾਰਮਿਕ ,ਇਤਿਹਾਸਕ ਅਤੇ ਰਵਾਇਤੀ ਬਰਤਨਾਂ ਦੀ ਹੱਥਦਸਤਕਾਰੀ ਕਰਕੇ ਆਪਣੀ ਵਿਸ਼ੇਸ਼ ਪਛਾਣ ਰੱਖਦਾ ਹੈ। ਇੱਥੇ ਇਤਿਹਾਸਕ ਪ੍ਰਚੀਨ ਮੰਦਿਰ ਡਾਲੀਆਣਾ, ਜੈਨ ਧਰਮ ਦੇ ਮੰਦਿਰ ਅਤੇ ਗੁਰਦੁਆਰਾ ਬਾਬਾ ਹੰਦਾਲ ਜੀ ਵਿਸ਼ਵ ਪ੍ਰਸਿੱਧ ਹਨ।ਗੁਰੂ ਬਾਬਾ ਹੰਦਾਲ ਜੀ ਗੋਇੰਦਵਾਲ ਸਾਹਿਬ ਵਿਖੇ ਗੁਰੂ ਰਾਮ ਦਾਸ ਜੀ ਦੇ ਅਨਣਯਾ ਸੇਵਕ ਸਨ ।

ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ ਇਸ ਤੋਂ ਇਲਾਵਾ ਸ਼ਹਿਰ ਵਿੱਚ ਸੋਹਣੇ ਗੇਟ ਬਾਣਾਏ ਹਨ ਇਕ ਆਪਣੀ ਹੱਥ ਦੀ ਕਲਾ ਨਾਲ ਬਰਤਨ ਤਿਆਰ ਕਰਨ ਵਾਲੀ ਠਠਿਆਰਾ ਭਾਈਚਾਰੇ ਲਈ ਬਾਜ਼ਰਾ ਦੀਆਂ ਦੁਕਾਨਾਂ ਨੂੰ ਸੋਹਣਾ ਬਣਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਜ਼ਾਰ ਨੂੰ ਵਿਰਸਤੀ ਰੂਪ ਦਿੱਤਾ।ਅਪ੍ਰੈਲ 2026 ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀ ਇਸ ਵਿਰਾਸਤੀ



ਬਾਜ਼ਾਰ ਦਾ ਦੌਰਾ ਕੀਤਾ ਸੀ ਅਤੇ ਕਾਰੀਗਰਾ ਉੱਥੇ ਠਠਿਆਰਾ ਬਾਜ਼ਾਰ ਇਸ ਦੀ ਕਾਰੀਗਰੀ ਅਤੇ ਵਪਾਰਕ ਵਿਰਾਸਤ ਨੂੰ ਦਰਸਾਉਂਦਾ ਹੈ। ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਹਲਕੇ ਦੀ ਨੁਹਾਰ ਬਦਲੀ ਹਲਕੇ ਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਕਾਸ ਦੇ ਕੰਮ ਕਰਵਾਏ ਜਿਵੇ ਇਲਾਕੇ ਵਿੱਚ ਸੋਹਣਿਆ ਸੜਕਾਂ,30 ਬੈਡ ਦਾ ਹਸਪਤਾਲ, ਇਕ ਪੋਲੋਟੇਕਨਿਕਲ ਕਾਲਜ ਪਿੰਡ ਮੱਲ੍ਹੀਆਂ ਵਿਖੇ ਤਿਆਰ ਹੋ ਰਹੇ ਹਨ,ਨੌਜਵਾਨ ਦੇ ਖੇਡਣ ਲਈ ਸਟੇਡੀਅਮ, ਆਮ ਆਦਮੀ ਕਲੀਨਿਕ,ਸੀਵੇਰਜ ਦਾ ਕੰਮ ਗਲੀਆਂ ਆਦਿ ਤੋਂ ਇਲਾਵਾ ਇੱਕ ਪ੍ਰੋਜੈਕਟ ਜੰਡਿਆਲਾ ਗੁਰੂ ਵਿੱਚ 6 MLD ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਅਤੇ 18 KLD ਸਮਰੱਥਾ ਟ੍ਰੀਟਮੈਂਟ ਪਲਾਂਟ ਆਦਿ ਉਸਾਰੀ ਅਧੀਨ ਹੈ।

# ਸਿਮਰਨਜੀਤ ਸਿੰਘ ਮਾਨ 10 ਨੂੰ ਕੋਟ ਫਤੂਹੀ ਵਿਖੇ "ਬੇਗਮਪੁਰਾ ਪੰਥਕ ਇਕੱਠ" ਨੂੰ ਸੰਬੋਧਨ ਕਰਨਗੇ :- ਸਿੰਗੜੀਵਾਲਾ

**ਸਾਂਝੀ ਖ਼ਬਰ**

(ਤਰਸੇਮ ਦੀਵਾਨਾ )

ਹੁਸ਼ਿਆਰਪੁਰ 6 ਨਵੰਬਰ

ਸਿੱਖ ਸਮਾਜ ਅਤੇ ਦਲਿਤ ਸਮਾਜ ਵਿੱਚ ਮਨੂਵਾਦੀ ਸਰਕਾਰਾਂ ਵੱਲੋਂ ਸਾਜਸ਼ੀ ਢੰਗ ਨਾਲ ਪਾਈਆਂ ਦੂਰੀਆਂ ਨੂੰ ਖਤਮ ਕਰਨ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਜੈ ਭੀਮ ਟੀਮ ਪੰਜਾਬ ਵਲੋਂ ਸਾਂਝੇ ਤੌਰ ਤੇ ਸਿਮਰਨਜੀਤ ਸਿੰਘ ਮਾਨ ਪਾਰਟੀ ਪ੍ਰਧਾਨ, ਇਮਾਨ ਸਿੰਘ ਮਾਨ ਕਾਰਜਕਾਰੀ ਪ੍ਰਧਾਨ ਅਤੇ ਡਾ. ਹਰਜਿੰਦਰ ਸਿੰਘ ਜੱਖੂ ਦੁਆਬਾ ਇੰਚਾਰਜ ਅਤੇ ਜਰਨਲ ਸਕੱਤਰ ਦੀ ਅਗਵਾਈ ਹੇਠ "ਬੇਗਮਪੁਰਾ ਪੰਥਕ ਇਕੱਠ" ਕਰਕੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਸਰਬੱਤ ਦੇ ਭਲੇ ਦੇ ਮਿਸ਼ਨ ਤਹਿਤ ਸਾਂਝੇ ਤੌਰ ਤੇ ਵੱਡੇ ਉਦਮ ਕੀਤੇ ਜਾ ਰਹੇ ਹਨ ਇਸੇ



ਤਹਿਤ 10 ਨਵੰਬਰ ਨੂੰ ਸਵਰਨ ਮੈਰਿਜ ਪੈਲਸ ਕੋਟ ਫਤੂਹੀ ਵਿਖੇ "ਬੇਗਮਪੁਰਾ ਪੰਥਕ ਇਕੱਠ" ਨੂੰ ਸਿਮਰਨਜੀਤ ਸਿੰਘ ਮਾਨ, ਇਮਾਨ ਸਿੰਘ ਮਾਨ, ਡਾਕਟਰ ਹਰਜਿੰਦਰ ਸਿੰਘ ਜੱਖੂ ਅਤੇ ਹੋਰ ਪੰਥਕ ਆਗੂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ ਇਸ ਦੀ ਜਾਣਕਾਰੀ ਭਾਈ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਬੇਗਮਪੁਰਾ ਖਾਲਸਾ ਰਾਜ ਦੇ ਸੰਕਲਪ ਦੀ ਪਹਿਰੇਦਾਰੀ, ਨਸ਼ਾ ਮੁਕਤੀ, ਪੁਲਿਸ ਜਬਰ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਹੋਰ ਆਗੂ ਸੰਗਤਾਂ ਨਾਲ ਗੰਭੀਰ ਵਿਚਾਰਾਂ ਕਰਨਗੇ ਇਸ ਸਮੇਂ ਉਨਾਂ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਇਕੱਠ ਦੇ ਰੂਪ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ



# ਨੌਜਵਾਨ ਵੈਲਫੇਅਰ ਸੁਸਾਇਟੀ : ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜਕੇ ਪੱਥਰਾਂ ਦਾ

ਸਾਂਝੀ ਖ਼ਬਰ

ਅਸ਼ੋਕ ਵਰਮਾ
ਬਠਿੰਡਾ , 06 ਨਵੰਬਰ

ਨਾ ਤਾਂ ਉਹ ਝਿਪਿਆ , ਨਾ ਲਿਫਿਆ ਤੇ ਨਾਂ ਹੀ ਵਿਕਿਆ। ਇਹ ਸਾਰ ਤੱਤ ਨੌਜਵਾਨ 'ਸੋਨੂੰ ਮਹੇਸ਼ਵਰੀ' ਦੀ ਜਿੰਦਗੀ ਦਾ ਹੈ। ਲੋਕਾਂ ਦੇ ਦਰਦਾਂ ਦੀ ਦਾਰੂ ਬਣਨ ਲਈ ਸੋਨੂੰ ਨੇ ਅੱਜ ਤੋਂ 23 ਸਾਲ ਪਹਿਲਾਂ 'ਨੌਜਵਾਨ ਵੈਲਫੇਅਰ ਸੁਸਾਇਟੀ ਦੀ ਨੀਂਹ ਰੱਖੀ ਸੀ। ਸਮਾਜਿਕ ਕਾਰਜਾਂ ਲਈ ਇਹ ਉਸ ਦੀ ਪਹਿਲੀ ਪੌੜੀ ਸੀ ਅਤੇ ਉਸ ਤੋਂ ਬਾਅਦ ਹਰ ਦਿਨ ਸੋਨੂੰ ਲਈ ਨਵੀਂ ਪ੍ਰੀਖਿਆ ਬਣਿਆ ਪਰ ਉਸ ਨੇ ਕਦੀ ਈਨ ਨਹੀਂ ਮੰਨੀ। ਚੜ੍ਹਦੀ ਉਮਰੇ ਉਸ ਦੇ ਮਨ 'ਚ ਲੋਕ ਘੋਲ ਚੱਲਣ ਲੱਗੇ ਸਨ ਜਿਸ ਕਰਕੇ ਉਸਨੇ ਬਜਾਰਾਂ 'ਚ ਦਨਦਨਾਉਂਦੀ ਫਿਰਦੀ ਟੋਅ ਵੈਨ ਦਾ ਫਾਹਾ ਵੱਢਿਆ ਅਤੇ ਹੋਰ ਮਸਲੇ ਵੀ ਨਿਪਟਾਏ। ਹੁਣ ਸੋਨੂੰ ਦਾ ਬਜ਼ਾਰਾਂ 'ਚ ਲੱਗਦੀਆਂ ਨਜਾਇਜ ਰੇਹੜੀਆਂ ਸੰਬੰਧੀ ਨਗਰ ਨਿਗਮ ਨਾਲ ਮੱਥਾ ਲੱਗਿਆ ਹੋਇਆ ਹੈ। ਸਮਾਜਸੇਵੀ ਕਾਰਜਾਂ ਨੂੰ ਦੇਖਦਿਆਂ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਨੂੰ ਨੂੰ ਸਨਮਾਨਿਤ ਕੀਤਾ ਸੀ।

ਸੋਨੂੰ ਮਹੇਸ਼ਵਰੀ ਦੇ ਸਮਾਜਿਕ ਸਫਰ ਨੂੰ ਸਮਝਣ ਲਈ ਰਤਾ ਪਿਛੋਕੜ 'ਚ ਚੱਲਦੇ ਹਾਂ ਜਦੋਂ 2011 ਦੌਰਾਨ ਉਸ ਨੇ 'ਕਿਡਨੀਆਂ' ਵੇਚਣ ਖਿਲਾਫ ਅਵਾਜ਼ ਚੁੱਕੀ ਅਤੇ ਲਗਾਤਾਰ 2 ਸਾਲ ਲੜਾਈ ਲੜੀ। ਦਰਅਸਲ ਕੁੱਝ ਅਖਬਾਰਾਂ 'ਚ ਕਿਡਨੀਆਂ ਵੇਚਣ ਸਬੰਧੀ ਇਸ਼ਤਿਹਾਰ ਪ੍ਰਕਾਸ਼ਿਤ ਹੋਏ ਸਨ। ਉਸ ਨੇ ਐਸਐਸਪੀ ਪਟਿਆਲਾ ਨੂੰ ਸ਼ਕਾਇਤ ਦਿੱਤੀ ਪਰ ਪੁਲਿਸ ਨੇ ਕੋਈ ਗੰਭੀਰਤਾ ਨਾਂ ਦਿਖਾਈ। ਸੋਨੂੰ ਨੇ ਇਸ ਸਬੰਧ 'ਚ ਆਰਟੀਆਈ ਰਾਹੀਂ ਸੂਚਨਾ ਮੰਗੀ ਪਰ ਲੁੜੀਂਦੀ



ਜਾਣਕਾਰੀ ਨਾਂ ਦਿੱਤੇ ਜਾਣ 'ਤੇ ਪੰਜਾਬ ਸੂਚਨਾ ਕਮਿਸ਼ਨ 'ਚ ਚੁਣੌਤੀ ਦੇ ਦਿੱਤੀ। ਜਦੋਂ ਸੂਚਨਾ ਮਿਲੀ ਤਾਂ ਉਸ 'ਚ ਕਈ ਅਹਿਮ ਖੁਲਾਸੇ ਹੋਏ ਜਿੰਨ੍ਹਾਂ 'ਚ ਕਿਡਨੀ ਦਾਨੀ ਗਰੀਬ ਅਤੇ ਲੈਣ ਵਾਲਾ ਧਨਾਢ ਪ੍ਰੀਵਾਰ ਨਾਲ ਸਬੰਧਤ ਨਿਕਲਿਆ। ਏਨਾ ਹੀ ਨਹੀਂ ਦੋਵਾਂ ਵਿਚਕਾਰ ਦਿਖਾਈ ਰਿਸ਼ਤੇਦਾਰੀ ਵੀ ਫਰਜ਼ੀ ਸੀ। ਸੋਨੂੰ ਨੇ ਇਸ ਸਬੰਧੀ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰ ਦਿੱਤੀ ਜਿੱਥੇ ਪਟਿਆਲਾ ਪੁਲਿਸ ਨੇ ਇਸ ਨੂੰ ਰਿਸ਼ਤੇਦਾਰੀ 'ਚ ਲੈਣ ਦੇਣ ਦੱਸਿਆ ਸੀ।

ਸੋਨੂੰ ਨੇ ਦੱਸਿਆ ਕਿ ਉਨ੍ਹਾਂ ਨੇ ਅਖਬਾਰ 'ਚ ਛਪਿਆ ਇਸ਼ਤਿਹਾਰ ਦਿਖਾਕੇ ਸਾਬਤ ਕਰ ਦਿੱਤਾ ਕਿ ਰਿਸ਼ਤੇਦਾਰੀ 'ਚ ਕਿਡਨੀ ਦਾਨ ਕਰਨ ਲਈ ਅਖਬਾਰੀ ਇਸ਼ਤਿਹਾਰਬਾਜੀ ਅਤੇ ਬਲੱਡ ਗਰੁੱਪ ਦੱਸਣ ਦੀ ਕੀ ਜਰੂਰਤ ਹੈ। ਅਦਾਲਤ ਦੇ ਹੁਕਮਾ 'ਤੇ ਪੁਲਿਸ ਨੇ ਛਾਪੇਮਾਰੀ ਕੀਤੀ , ਕਈ ਮਾਮਲੇ ਵੀ ਦਰਜ ਕੀਤੇ ਅਤੇ ਗ੍ਰਿਫਤਾਰੀਆਂ ਵੀ ਹੋਈਆਂ ਸਨ। ਇਸੇ ਤਰਾਂ ਸੋਨੂੰ ਨੇ ਪ੍ਰੀਪੇਡ ਮੋਬਾਇਲ ਫੋਨ ਕਨੈਕਸ਼ਨ ਲੈਣ ਲਈ 'ਸਿਮ' ਜਾਰੀ ਕਰਨ ਸਬੰਧੀ ਹੁੰਦੇ ਫਰਜੀਵਾੜੇ ਨੂੰ ਨੱਥ ਪਾਉਣ ਦੀ ਪਹਿਲਕਦਮੀ ਕੀਤੀ ਸੀ। ਉਦੋਂ ਇੱਕ ਹੀ ਦਸਤਾਵੇਜ਼ ਮੁਤਾਬਕ ਸੌ ਤੋਂ ਜਿਆਦਾ ਕੁਨੈਕਸ਼ਨ ਜਾਰੀ ਕਰ ਦਿੱਤੇ ਜਾਂਦੇ ਸਨ। ਸੋਨੂੰ ਨੇ ਇਸ ਵਰਤਾਰੇ ਖਿਲਾਫ ਲੜਾਈ ਲੜੀ ਜਿਸ ਤੋਂ ਬਾਅਦ ਮੋਬਾਇਲ ਕੰਪਨੀਆਂ ਨੂੰ ਸਿਮ ਜਾਰੀ ਕਰਨ ਦੀ ਪ੍ਰਕਿਰਿਆ ਤਬਦੀਲ ਕਰਨ ਲਈ ਮਜਬੂਰ ਹੋ ਗਈਆਂ ਸਨ। ਉਨ੍ਹਾਂਦਾਅਵਾ ਕੀਤਾ ਕਿ ਇੱਕ ਹੀ ਪਛਾਣ ਅਤੇ ਫਰਜ਼ੀ ਦਸਤਖਤਾਂ ਦੇ ਅਧਾਰ 'ਤੇ ਇੱਕ ਨਾਮ 'ਤੇ ਅਣਪਛਾਤਿਆਂ ਨੂੰ ਮੋਬਾਇਲ ਕੁਨੈਕਸ਼ਨ ਦੇ ਦਿੱਤੇ ਜਾਂਦੇ ਸਨ।

ਉਨ੍ਹਾਂ ਦੱਸਿਆ ਕਿ ਉਦੋਂ ਲੁੱਟਾ ਖੋਹਾਂ , ਅਗਵਾ ਅਤੇ ਹੋਰ ਵਾਰਦਾਤਾਂ ਦੀ ਪੜਤਾਲ ਦੌਰਾਨ ਜਿੰਨ੍ਹਾਂ ਮੋਬਾਇਲ ਨੰਬਰਾਂ ਬਾਰੇ ਜਾਣਕਾਰੀ ਸਾਹਮਣੇ ਆਈ ਤਾਂ ਕਈ ਬੇਕਸੂਰਾਂ ਨੂੰ ਪੁਲਿਸ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਸੀ। ਸੋਨੂੰ ਦੱਸਿਆ ਕਿ ਉਨ੍ਹਾਂ ਨੇ 'ਸਿੰਮ' ਨੂੰ ਕੌਮੀ ਸੁੱਰਖਿਆ ਨੂੰ ਖਤਰੇ ਨਾਲ ਜੋੜਕੇ ਸੀਬੀਆਈ , ਟਰਾਈ ਅਤੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਸ਼ਕਾਇਤਾਂ ਭੇਜੀਆਂ ਅਤੇ ਹਾਈਕੋਰਟ 'ਚ ਜਨਹਿੱਤ ਪਟੀਸ਼ਨ ਵੀ ਦਾਇਰ ਕੀਤੀ ਸੀ। ਉਨ੍ਹਾਂ ਦੱਸਿਆ ਕਿ ਅਦਾਲਤ ਦੇ ਨੋਟਿਸ ਉਪਰੰਤ 90 ਲੱਖ ਪ੍ਰੀਪੇਡ ਕੁਨੈਕਸ਼ਨ ਬੰਦ ਕੀਤੇ ਗਏ ਸਨ। ਇਸ ਤੋਂ ਬਾਅਦ ਟਰਾਈ ਨੇ ਸਿੰਮ' ਜਾਰੀ ਕਰਨ ਦੇ ਨਿਯਮਾਂ 'ਚ ਸਖਤੀ ਅਤੇ ਹੋਰ ਕਈ ਤਬਦੀਲੀਆਂ ਕੀਤੀਆਂ ਅਤੇ ਇੱਕ ਵਿਅਕਤੀ ਦੇ ਨਾਮ 'ਤੇ ਵੱਧ ਤੋਂ ਵੱਧ 10 ਕੁਨੈਕਸ਼ਨ ਦੇਣ ਦੀ ਹੱਦ ਤੈਅ ਕੀਤੀ ਗਈ ਸੀ। ਹੁਣ ਅਧਾਰ ਕਾਰਡ, ਕਨੈਕਸ਼ਨ ਲੈਣ ਵਾਲੇ ਦੀ ਲਾਈਵ ਫੋਟੋ ਅਤੇ ਬਾਇਓਮੀਟਰਿਕ ਤਸੱਲੀ ਮਗਰੋਂ ਹੀ ਸਿੰਮ ਜਾਰੀ ਕੀਤਾ ਜਾਂਦਾ ਹੈ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਸੋਨੂੰ ਮਹੇਸ਼ਵਰੀ ਨੇ ਹਾਦਸਾ ਪੀੜਤਾਂ ਨੂੰ ਹਸਪਤਾਲ ਲਿਜਾਣ ਵਾਲਿਆਂ ਤੋਂ ਹੁੰਦੀ ਪੁਲਿਸ ਪੁੱਛਗਿੱਛ ਬੰਦ ਕਰਵਾਈ ਹੈ। ਦਰਅਸਲ ਇੱਕ ਆਟੋ ਚਾਲਕ ਮਾਨਸਾ ਰੋਡ ਤੋਂ ਹਾਦਸੇ ਦੇ ਸ਼ਿਕਾਰ ਜਖਮੀ ਨੂੰ ਹਸਪਤਾਲ ਲੈ ਕੇ ਗਿਆ ਸੀ ਜਿਸ ਨੂੰ ਉੱਥੇ ਰੋਕ ਲਿਆ ਸੀ। ਆਟੋ ਚਾਲਕ ਨੇ ਸਹੁੰ ਖਾਧੀ ਕਿ ਹੁਣ ਉਸ ਦੀਆਂ ਸੱਤ ਪੁਸ਼ਤਾਂ ਵੀ ਹਾਦਸੇ ਦੌਰਾਨ ਤੜਫਦੇ ਬੰਦੇ ਨੂੰ ਹਸਪਤਾਲ ਨਹੀਂ ਲਿਜਾਣਗੀਆਂ। ਇਸ ਤੋਂ ਦੁਖੀ ਸੋਨੂੰ ਮਹੇਸ਼ਵਰੀ ਵੱਲੋਂ ਦਾਇਰ ਪਟੀਸ਼ਨ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਹਸਪਤਾਲਾਂ 'ਚ ਤਾਇਨਾਤ ਡਾਕਟਰਾਂ ਨੂੰ ਜਖਮੀਆਂ ਦਾ ਪਹਿਲ ਦੇ ਅਧਾਰ 'ਤੇ ਇਲਾਜ ਕਰਨ ਸਬੰਧੀ ਹੁਕਮ ਦਿੱਤੇ ਸਨ। ਕਮਿਸ਼ਨ ਨੇ ਹਿੰਦੀ , ਪੰਜਾਬੀ ਅਤੇ ਅੰਗਰੇਜੀ 'ਚ ਜਖਮੀ ਨੂੰ ਲਿਆਉਣ ਵਾਲੇ ਤੋਂ ਪੁੱਛਗਿਛ ਨਾ ਕਰਨ ਸਬੰਧੀ ਨੋਟਿਸ ਲਾਉਣ ਦੀ ਹਦਾਇਤ ਵੀ ਕੀਤੀ ਸੀ। ਸੋਨੂੰ ਨੇ ਦੱਸਿਆ ਕਿ ਉਨ੍ਹਾਂ ਤੋਂ ਵੱਡੀ ਗਿਣਤੀ ਸੰਸਥਾਵਾਂ ਫੈਸਲੇ ਦੀਆਂ ਕਾਪੀਆਂ ਲੈ ਕੇ ਗਈਆਂ ਸਨ।

**ਕੌਮੀ ਪੱਧਰ 'ਤੇ ਮਾਣ ਵਧਾਇਆ**

ਖ਼ੂਨਦਾਨ ਤੇ ਖੇਤਰ 'ਚ ਸਰਗਰਮ ਯੂਨਾਈਟਡ ਵੈਲਫੇਅਰ ਦੇ ਪ੍ਰਧਾਨ ਵਿਜੇ ਭੱਟ ਨੌਜਵਾਨ ਵੈਲਫੇਅਰ ਸੁਸਾਇਟੀ ਦੇ 23ਵੇਂ ਮੋਹੜੀ ਗੱਡ ਦਿਹਾੜੇ ਮੌਕੇ ਪ੍ਰਧਾਨ ਸੋਨੂੰ ਮਹੇਸ਼ਵਰੀ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੋਨੂੰ ਮਹੇਸ਼ਵਰੀ ਨੇ ਬਠਿੰਡਾ ਦਾ ਕੌਮੀ ਪੱਧਰ 'ਤੇ ਮਾਣ ਵਧਾਇਆ ਹੈ, ਸਾਡੇ ਕੋਲ ਸ਼ਬਦ ਨਹੀਂ-ਜਿਨ੍ਹਾਂ ਨਾਲ ਉਨ੍ਹਾਂ ਦਾ ਧੰਨਵਾਦ ਕਰ ਸਕੀਏ।

# ਛੋੜੋ ਕੱਲ ਕੀ ਬਾਤੇਂ ਨਾਟਕ ਨੇ ਦਰਸ਼ਕਾਂ ਦੀਆਂ ਅੱਖਾਂ ਵਿਚ ਹੰਝੂ ਵਹਾ ਦਿੱਤੇ

ਸਾਂਝੀ ਖ਼ਬਰ

**ਨਾਟਕ ਛੋੜੇ ਕੱਲ ਕੀ ਬਾਤੇਂ ਬਜੁਰਗਾਂ ਦੇ ਜੋਸ਼ ਤੇ ਇੱਕਲਤਾ ਨੂੰ ਦਰਸਾਉਂਦਾ ਹੈ, ਬਜੁਰਗਾਂ ਦੀ ਰੰਗੀਨ ਦਨੀਆਂ ਸਟੇਜ ਤੇ ਆਈ ,ਹਾਸਿਆਂ ਦੇ ਵਿਚਕਾਰ ਨਾਟਕ ਨੇ ਲੋਕਾਂ ਨੂੰ ਝੂਮਣ ਲਾ ਦਿੱਤਾ**

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 6 ਨਵੰਬਰ

ਐਕਟਿਵ ਥੀਏਟਰ ਐਂਡ ਵੈਲਫੇਅਰ ਸੁਸਾਇਟੀ ਜੀਂਦ ਵਲੋਂ ਹਰਿਆਣਾ ਆਰਟਸ ਕੌਂਸਲ ਦੇ ਸਹਿਯੋਗ ਨਾਲ ਜੀਂਦ ਦੀ ਦੀਵਾਨ ਬਾਲ ਕ੍ਰਿਸ਼ਨ ਰੰਗਸ਼ਾਲਾ ਵਿਖੇ ਆਯੋਜਿਤ ਤਿੰਨ ਰੋਜਾ 8ਵੇਂ ਨਵਰਾਸ ਰਾਸ਼ਟਰੀ ਥੀਏਟਰ ਫੈਸਟੀਵਲ ਦੇ ਸਮਾਪਤੀ ਤੇ ਕੁਰੁਕ-ਸ਼ੇਤਰ ਦੇ ਕਲਾਕਾਰਾਂ ਨੇ ਜੈਵਰਧਨ ਵਲੋਂ ਲਿਖਿਆ ਤੇ ਵਿਕਾਸ ਸ਼ਰਮਾ ਵਲੋਂ ਨਿਰਦੇਸ਼ਤ ਨਾਟਕ ਛੋੜੇ ਕੱਲ ਕੀ ਬਾਤੇਂ ਪੇਸ਼ ਕੀਤਾ। ਜੀਂਦ ਦੇ ਵਧੀਕ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਨੇ ਬਤੋਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪਹਿਲੀ ਵਾਰ



ਲੇਖਕ ਰਮੇਸ਼ ਬਨਵਾਲਾ ਵਲੋਂ ਆਯੋਜਿਤ ਤਿੰਨ ਦਿਨਾਂ ਫੈਸਟੀਵਲ ਵਿਚ ਇਕੋ ਲੇਖਕ ਦੇ ਤਿੰਨ ਨਾਟਕ ਪੇਸ਼ ਕੀਤੇ ਗਏ। ਪਹਿਲੇ ਦਿਨ ਨਾਟਕ ਘਰ ਕਾ ਨਾ ਘਾਟ ਕਾ, ਦੂਜੇ ਦਿਨ ਜੈਵਰਧਨ ਵਲੋਂ ਲਿਖਿਆ ਤੇ ਰਮੇਸ਼ ਬਨਵਾਲਾ ਵਲੋਂ ਨਿਰਦੇਸ਼ਤ ਨਾਟਕ ਦਰੋਗਾ ਜੀ ਚੋਰੀ ਹੋ ਗਏ ਤੇ ਤੀਜੇ ਦਿਨ ਨਾਟਕ ਛੋੜੇ ਕੱਲ ਕੀ ਬਾਤੇਂ ਨਾਲ ਸਮਾਪਤੀ ਹੋਈ। ਇਸ ਨਾਟਕ ਦੀ ਕਹਾਣੀ ਤਿੰਨ ਬਜੁਰਗ ਦੋਸਤਾਂ ਦੇ ਆਲੇ ਦੁਆਲੇ ਘੁੰਮਦੀ ਹੈ ਜੋ ਆਪਣੀ ਜਿੰਦਗੀ ਦੇ ਆਖਰੀ ਪੜਾਅ ਤੇ ਇਕ ਬਿਰਧ ਆਸ਼ਰਮ ਵਿਚ ਇੱਕਠੇ ਰਹਿੰਦੇ ਹਨ। ਨਾਟਕ ਮਾਸਟਰ ਜਗਲਾਲ ਤੇ ਦੇਖ ਭਾਲ ਕਰਨ ਵਾਲੇ ਟੱਪੂ ਵਿਚਕਾਰ ਮਜਾਕ ਸ਼ੁਰੂ ਹੁੰਦਾ ਹੈ ਦੂਜਾ ਬਜੁਰਗ ਮਸਲੇ ਨੂੰ ਸੁਲਝਾਉਣ ਦੀ ਕੌਸ਼ਿਸ਼ ਕਰਦਾ ਹੈ। ਇਸ ਦੌਰਾਨ ਪੋਸਟ ਮਾਸਟਰ ਮਹਾਂਵੀਰ ਇਕ ਚੰਚਲ ਤੇ ਹਾਸੇ ਮਜਾਕ ਵਾਲਾ ਵਿਅਕਤੀ ਹੈ ਜੋ ਹਰ ਕੰਮ ਵਿਚ ਜਗਲਾਲ ਦੀ ਲੱਤ ਖਿੱਚਣ ਦੀ ਕੌਸ਼ਿਸ਼ ਕਰਦਾ ਹੈ । ਇਨਾਂ ਤਿੰਨਾਂ ਦੀ ਕਹਾਣੀ ਦਰਸਾਉਂਦੀ ਹੈ ਕਿ ਵਿਅਕਤੀ ਭਾਵੇਂ ਕਿਸੇ ਵੀ ਉਮਰ ਦਾ ਹੋਵੇ,ਜੀਉਣ ਦੀ ਇੱਛਾ ਤੇ ਦੋਸਤੀ ਦੀ ਮਿਠਾਸ ਕਦੇ ਘੱਟ ਨਹੀਂ ਹੁੰਦੀ। ਨਾਟਕ ਵਿਚ ਮਹਾਂਵੀਰ ਆਪਣੇ ਪੁੱਤਰ ਦੀ ਉਦਾਸੀਨਤਾ ਕਾਰਨ ਬਿਰਧ ਆਸ਼ਰਮ ਵਿਚ ਰਹਿਣ ਲਈ ਮਜਬੂਰ ਹੈ ਜਦੋ ਕਿ ਜਗਲਾਲ ਦੇ ਪਰਿਵਾਰ ਦੀ ਇਕ ਹਾਦਸੇ ਵਿਚ ਮੌਤ ਹੋ ਗਈ ਹੈ ਜਿਸ ਕਾਰਨ ਉਹ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਬਿਰਧ ਆਸ਼ਰਮ ਵਿਚ ਰਹਿਣ ਲਈ ਮਜਬੂਰ ਹੈ। ਨਾਟਕ ਵਿਚ ਉਮਾ ਤੇ ਘਨਸ਼ਿਆਮ ਕਿਸੇ ਨੂੰ ਪਛਾਣ ਦੱਸੇ ਬਿਨਾਂ ਅਜਨਬੀਆਂ ਵਾਂਗ ਰਹਿੰਦੇ ਹਨ। ਅੰਤ ਵਿਚ ਜਦੋਂ ਉਨਾਂ ਦਾ ਪੁੱਤਰ ਬਿਰਧ ਆਸ਼ਰਮ ਵੇਚਣ ਦਾ ਨੋਟਿਸ ਭੇਜਦਾ ਹੈ ਤਾਂ ਉਹ ਬਜੁਰਗ ਦਸੱਦੇ ਹਨ ਕਿ ਇਹ ਬਿਰਧ ਆਸ਼ਰਮ ਉਨਾਂ ਦੀ ਜਾਇਦਾਦ ਹੈ ਤੇ ਕੋਈ ਉਨਾਂ ਨੂੰ ਬੇਦਖਲ ਨਹੀਂ ਕਰ ਸਕਦਾ। ਹਾਸੇ ਮਜਾਕ ਦੇ ਨਾਲ ਬਜੁਰਗ ਦਰਸ਼ਕਾਂ ਦੇ ਦਿਲਾਂ ਵਿਚ ਆਪਣੀ ਇੱਕਲਤਾ ਦੀ ਛਾਪ ਛੱਡ ਜਾਂਦੇ ਹਨ । ਨਾਟਕ ਵਿਚ ਸ਼ਾਗਰ ਸ਼ਰਮਾ ਨੇ ਜਗਲਾਲ, ਡਾ ਰਾਜੀਵ ਕੁਮਾਰ ਨੇ ਮਹਾਂਵੀਰ, ਘਣਸ਼ਿਆਮ ਨੇ ਦੀਪਕ ਜਾਂਗੜਾ ਉਮਾ ਨੇ ਸੁਰੇਖਾ ਤੇ ਸੂਰਯਾਂਸ਼ ਚਾਵਲਾ ਨੇ ਟਪੱੂ ਦਾ ਕਿਰਦਾਰ ਨਿਭਾਇਆ।

# ਭਾਜਪਾ ਆਗੂ ਰਾਜੀਵ ਕੁਮਾਰ ਮਾਨਾ ਨੇ ਕਿਹਾ ਕਿ ਧਮਕੀਆਂ ਤੋਂ ਦੁਖੀ ਹੋ ਕੇ ਆਪਣਾ ਕਾਰੋਬਾਰ ਜੰਡਿਆਲਾ ਗੁਰੂ ਤੋਂ ਛੱਡਣ ਲਈ ਮਜਬੂਰ

ਸਾਂਝੀ ਖ਼ਬਰ

(ਅਸ਼ਵਨੀ ਸ਼ਰਮਾ)
ਜੰਡਿਆਲਾ ਗੁਰੂ 6ਨਵੰਬਰ

ਭਾਰਤੀ ਜਨਤਾ ਪਾਰਟੀ ਦੇ ਆਗੂ ਰਾਜੀਵ ਕੁਮਾਰ ਮਾਨਾ ਕਾਰਜਕਾਰੀ ਮੈਂਬਰ ਪੰਜਾਬ ਨੇ ਪ੍ਰੈਸ ਕਾਨਫਰੰਸ ਰਾਹੀਂ ਆਪਣਾ ਦਰਦ ਬਿਆਨ ਕਰਦਿਆਂ ਕਿਹਾ ਗਿਆ ਹੈ ਕਿ ਉਹ ਪਿਛਲੇ ਕਈ ਸਾਲਾਂ ਤੋਂ ਧਮਕੀਆਂ ਮਿਲਣ ਕਰਕੇ ਸੰਤਾਪ ਭੋਗ ਰਹੇ ਹਨ , ਹੁਣ ਹਾਲਾਤ ਅਜਿਹੇ ਬਣ ਗਏ ਹਨ ਕਿ ਉਨ੍ਹਾਂ ਨੂੰ ਮਜਬੂਰਨ ਆਪਣਾ ਕਾਰੋਬਾਰ ਬੰਦ ਕਰਕੇ ਸ਼ਹਿਰ ਛੱਡਣਾ ਪੈ ਰਿਹਾ ਹੈ।ਰਾਜੀਵ ਕੁਮਾਰ ਮਾਨਾ ਦੇ ਇਸ



ਬਿਆਨ ਨੇ ਸ਼ਹਿਰ ਦੇ ਵਪਾਰਕ ਵਰਗ ਵਿੱਚ ਚਰਚਾ ਛੇੜ ਦਿੱਤੀ ਹੈ।ਜੇਕਰ ਸ਼ਹਿਰ ਵਿੱਚ ਕਾਰੋਬਾਰ ਕਰਨ ਵਾਲੇ ਲੋਕ ਹੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਤਾਂ ਇਹ ਪ੍ਰਸ਼ਾਸਨ ਅਤੇ ਪੁਲਿਸ ਪ੍ਰਬੰਧਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।ਵਪਾਰੀ ਵਰਗ ਦਾ ਮੰਨਣਾ ਹੈ ਕਿ ਕਾਰੋਬਾਰ ਚਲਾਉਣ ਲਈ ਸੁਰੱਖਿਅਤ ਮਾਹੌਲ ਅਤੇ ਕਾਨੂੰਨ ਦਾ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ।ਰਾਜੀਵ ਕੁਮਾਰ ਮਾਨਾ ਦੇ ਬਿਆਨ ਤੋਂ ਬਾਅਦ ਹੁਣ ਲੋਕਾਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਆਖ਼ਰ ਅਜਿਹੇ ਕਿਹੜੇ ਹਾਲਾਤ ਹਨ, ਜਿਨ੍ਹਾਂ ਕਾਰਨ ਇੱਕ ਸਿਆਸੀ ਆਗੂ ਨੂੰ ਆਪਣਾ ਕਾਰੋਬਾਰ ਬੰਦ ਕਰਕੇ ਸ਼ਹਿਰ ਛੱਡਣ ਬਾਰੇ ਸੋਚਣਾ ਪੈ ਰਿਹਾ ਹੈ? ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਇਸ ਮਾਮਲੇ ਵਿੱਚ ਕੀ ਕਾਰਵਾਈ ਕੀਤੀ ਜਾਂਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।ਸ਼ਹਿਰ ਵਾਸੀਆਂ ਦੀ ਮੰਗ ਹੈ ਕਿ ਅਜਿਹੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਕਾਰੋਬਾਰੀਆਂ ਵਿੱਚ ਭਰੋਸਾ ਪੈਦਾ ਕੀਤਾ ਜਾਵੇ।

# ਧਨਤੇਰਸ ਅਤੇ ਦੀਵਾਲੀ ਦੀ ਖੁਸ਼ੀ ਵਿੱਚ ਸੇਵਾ ਨੇ ਵਾਧਾ ਕੀਤਾ, ਪੋਤੀ ਦੇ ਜਨਮਦਿਨ 'ਤੇ ਲੰਗਰ ਦਾ ਆਯੋਜਨ ਕੀਤਾ ਗਿਆ

ਸਾਂਝੀ ਖ਼ਬਰ

ਪੰਚਕੂਲਾ, 6 ਨਵੰਬਰ

ਧਨਤੇਰਸ ਅਤੇ ਦੀਵਾਲੀ ਦੇ ਸ਼ੁਭ ਮੌਕੇ 'ਤੇ, ਸਮਾਜ ਸੇਵਕ ਅਮਿਤ ਕਵਾਤਰਾ ਅਤੇ ਕਿਰਨ ਕਵਾਤਰਾ ਨੇ ਵਿਸ਼ਵਾਸ ਫਾਊਂਡੇਸ਼ਨ, ਪੰਚਕੂਲਾ ਰਾਹੀਂ, ਆਪਣੀ ਪੋਤੀ ਜੈਨਾ ਕਵਾਤਰਾ ਦੇ ਜਨਮਦਿਨ ਨੂੰ ਮਨਾਉਣ ਲਈ ਸੈਕਟਰ 16 ਦੇ ਲੇਬਰ ਚੌਕ 'ਤੇ ਲੰਗਰ ਦਾ ਆਯੋਜਨ ਕੀਤਾ। ਉੱਥੇ ਮੌਜੂਦ ਮਜ਼ਦੂਰਾਂ ਅਤੇ ਲੋੜਵੰਦਾਂ ਨੂੰ ਬਰੈੱਡ ਪਕੌੜੇ, ਹਲਵਾ ਅਤੇ ਚਾਹ ਪਿਆਰ ਨਾਲ ਵੰਡੀ ਗਈ, ਅਤੇ ਧਨਤੇਰਸ ਅਤੇ ਦੀਵਾਲੀ ਦੀਆਂ ਸ਼ੁਭਕਾਮ-ਨਾਵਾਂ ਦਿੱਤੀਆਂ ਗਈਆਂ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਕਿਹਾ ਕਿ ਧਨਤੇਰਸ ਅਤੇ ਦੀਵਾਲੀ ਸਾਨੂੰ ਦੂਜਿਆਂ ਦੇ ਜੀਵਨ ਵਿੱਚ ਖੁਸ਼ੀ ਦੀ ਰੌਸ਼ਨੀ ਫੈਲਾਉਣ ਲਈ



ਪ੍ਰੇਰਿਤ ਕਰਦੇ ਹਨ, ਉਨ੍ਹਾਂ ਦੀ ਖੁਸ਼ੀ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ। ਤਿਉਹਾਰਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਜਦੋਂ ਅਸੀਂ ਆਪਣੇ ਜਸ਼ਨਾਂ ਵਿੱਚ ਲੋੜਵੰਦਾਂ ਨੂੰ ਸ਼ਾਮਲ ਕਰਦੇ ਹਾਂ। ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਤੋਂ ਪ੍ਰੇਰਿਤ ਹੋ ਕੇ, ਸੰਸਥਾ ਲਗਾਤਾਰ ਮਾਨਵਤਾ-ਵਾਦੀ ਕਾਰਜਾਂ ਵਿੱਚ ਲੱਗੀ ਹੋਈ ਹੈ। ਉਨ੍ਹਾਂ ਨੇ ਕਵਾਤਰਾ ਪਰਿਵਾਰ ਦੀ ਸੇਵਾ ਭਾਵਨਾ ਦੀ ਪ੍ਰਸ਼ੰਸਾ ਕੀਤੀ ਅਤੇ ਜੈਨਾ ਕਵਾਤਰਾ ਦੇ ਸਿਹਤਮੰਦ, ਖੁਸ਼ਹਾਲ ਅਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਅਮਿਤ ਕਵਾਤਰਾ ਅਤੇ ਕਿਰਨ ਕਵਾਤਰਾ ਨੇ ਇਸ ਸ਼ੁਭ ਤਿਉਹਾਰੀ ਸੀਜ਼ਨ ਦੌਰਾਨ ਆਪਣੀ ਪੋਤੀ ਦੇ ਜਨਮਦਿਨ ਨੂੰ ਮਜ਼ਦੂਰਾਂ ਅਤੇ ਲੋੜਵੰਦਾਂ ਨਾਲ ਸਾਂਝਾ ਕਰਕੇ ਆਪਣੀ ਅਧਿਆਤਮਿਕ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ 'ਤੇ ਦੂਜਿਆਂ ਲਈ ਮੁਸਕਰਾਹਟ ਲਿਆਉਣਾ ਉਨ੍ਹਾਂ ਦੇ ਪਰਿਵਾਰ ਲਈ ਸਭ ਤੋਂ ਸੁੰਦਰ ਤੋਹਫ਼ਾ ਹੈ।

ਇਸ ਮੌਕੇ 'ਤੇ, ਵਿਸ਼ਵਾਸ ਫਾਊਂਡੇਸ਼ਨ ਦੇ ਰਿਸ਼ੀ ਸਰਲ ਵਿਸ਼ਵਾਸ, ਦੇਵਰਿਸ਼ੀ, ਮਦਨ ਨਾਗਪਾਲ, ਸੁਜਾਤਾ ਨਾਗਪਾਲ, ਸੱਤਿਆ ਭੂਸ਼ਣ ਖੁਰਾਨਾ, ਸ਼ਤਰੂਘਨ ਕੁਮਾਰ, ਰਮੇਸ਼ ਕੁਮਾਰ ਅਤੇ ਨਿਤੇਸ਼ ਕੁਮਾਰ ਨੇ ਲੰਗਰ ਵੰਡਣ ਵਿੱਚ ਸਵੈ-ਇੱਛਾ ਨਾਲ ਕੰਮ ਕੀਤਾ।

ਵਿਸ਼ਵਾਸ ਫਾਊਂਡੇਸ਼ਨ ਨੇ ਕਵਾਤਰਾ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਧੰਨਤੇਰਸ ਅਤੇ ਦੀਵਾਲੀ ਦੀਆਂ ਸ਼ੁਭਕਾਮ-ਨਾਵਾਂ ਦਿੱਤੀਆਂ। ਸੰਗਠਨ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਰੌਸ਼ਨੀ ਦੇ ਇਸ ਤਿਉਹਾਰ 'ਤੇ ਸਿਰਫ਼ ਆਪਣੇ ਘਰਾਂ ਵਿੱਚ ਹੀ ਨਹੀਂ, ਸਗੋਂ ਲੋੜਵੰਦਾਂ ਦੇ ਜੀਵਨ ਵਿੱਚ ਉਮੀਦ, ਆਪਣਾਪਣ ਅਤੇ ਖੁਸ਼ੀ ਦਾ ਦੀਵਾ ਜਗਾਉਣ।

# ਸਵਦੇਸ਼ੀ ਦੀਵਾਲੀ ਮੇਲਾ 2026 ਦੌਰਾਨ ਉਪ ਰਾਜਪਾਲ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨਾਲ ਯੁਵਾ ਸੰਵਾਦ ਵਿੱਚ ਏਜੀਸੀ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਲਿਆ ਹਿੱਸਾ

ਸਾਂਝੀ ਖ਼ਬਰ

(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ, 6 ਨਵੰਬਰ

ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ (ਏਜੀਸੀ), ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਰਣਜੀਤ ਐਵੇਨਿਊ ਦੁਸਹਿਰਾ ਗਰਾਊਂਡ, ਅੰਮ੍ਰਿਤਸਰ ਵਿਖੇ ਆਯੋਜਿਤ *ਸਵਦੇਸ਼ੀ ਦੀਵਾਲੀ ਮੇਲਾ 2026* ਦੌਰਾਨ *'ਯੁਵਾ ਸੰਵਾਦ – ਜਨਰੇਸ਼ਨ ਜ਼ੈਡ ਨਾਲ ਵਿਚਾਰ-ਵਟਾਂਦਰਾ'* ਪ੍ਰੋਗਰਾਮ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਦਿੱਲੀ ਦੇ ਮਾਣਯੋਗ ਉਪ ਰਾਜਪਾਲ *ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ* ਨਾਲ ਵਿਦਿਆਰਥੀਆਂ ਨੂੰ ਸਿੱਧਾ ਸੰਵਾਦ ਕਰਨ ਦਾ ਸੁਨਹਿਰੀ ਮੌਕਾ ਪ੍ਰਾਪਤ ਹੋਇਆ।ਇਸ ਸੰਵਾਦ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਸਵਦੇਸ਼ੀ ਉਤਪਾਦਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਉੱਦਮਤਾ ਨੂੰ ਉਤਸ਼ਾਹਿਤ ਕਰਨਾ, ਆਤਮ-ਨਿਰਭਰਤਾ ਦੀ ਭਾਵਨਾ ਨੂੰ ਮਜ਼ਬੂਤ ਬਣਾਉਣਾ ਅਤੇ ਦੇਸ਼ ਦੇ ਆਰਥਿਕ ਵਿਕਾਸ ਤੇ ਟਿਕਾਊ ਤਰੱਕੀ ਵਿੱਚ ਨੌਜਵਾਨ ਪੀੜ੍ਹੀ ਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਨਾ ਸੀ।ਪ੍ਰੋਗਰਾਮ ਦੌਰਾਨ ਏਜੀਸੀ ਦੇ ਵਿਦਿਆਰ-ਥੀਆਂ ਨੇ ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਨਾਲ ਸਵਦੇਸ਼ੀ ਉਤਪਾਦਾਂ ਦੀ ਮਹੱਤਤਾ, ਭਾਰਤੀ ਉੱਦਮੀਆਂ ਲਈ ਵਧ ਰਹੇ ਮੌਕਿਆਂ ਅਤੇ





ਆਤਮ-ਨਿਰਭਰ ਭਾਰਤ ਦੀ ਸਿਰਜਣਾ ਵਿੱਚ ਨੌਜਵਾਨਾਂ ਦੀ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਉੱਦਮੀ ਸੋਚ ਵਿਕਸਿਤ ਕਰਨ, ਨਵੀਆਂ ਤਕਨੀਕਾਂ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਅਪਣਾਉਣ ਅਤੇ ਰਚਨਾਤਮਕ ਸੋਚ ਨੂੰ ਸਫਲ ਕਾਰੋਬਾਰੀ ਉਪਰਾਲਿਆਂ ਵਿੱਚ ਬਦਲਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਸਿਰਫ਼ ਨੌਕਰੀਆਂ ਪ੍ਰਾਪਤ ਕਰਨ ਦੀ ਬਜਾਏ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤੀ ਉਤਪਾਦਾਂ, ਸਥਾਨਕ ਉਦਯੋਗਾਂ ਅਤੇ ਸਵਦੇਸ਼ੀ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ *ਸ੍ਰੀ ਵਿਨੈ ਜੀ, ਪ੍ਰਚਾਰਕ, ਜਾਗਰਣ ਮੰਚ* ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਦੀ ਹਾਜ਼ਰੀ ਨੇ ਸਵਦੇਸ਼ੀ ਉਤਪਾਦਾਂ ਪ੍ਰਤੀ ਜਾਗਰੂਕਤਾ, ਜ਼ਿੰਮੇਵਾਰ ਖਪਤ ਅਤੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਦੇ ਸੰਦੇਸ਼ ਨੂੰ ਹੋਰ ਮਹੱਤ-ਵਪੂਰਨ ਬਣਾਇਆ।*ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਸ਼੍ਰੀ ਅਮਿਤ ਸ਼ਰਮਾ ਜੀ* ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਅੱਜ ਦੇ ਨੌਜਵਾਨ ਕੱਲ੍ਹ ਦੇ ਭਾਰਤ ਦੇ ਨਿਰਮਾਤਾ ਹਨ। ਸ. ਤਰਨਜੀਤ ਸਿੰਘ ਸੰਧੂ ਸਮੁੰਦਰੀ ਵਰਗੀਆਂ ਉੱਘੀਆਂ ਸ਼ਖ਼ਸੀਅਤਾਂ ਨਾਲ ਸਿੱਧਾ ਸੰਵਾਦ ਸਾਡੇ ਵਿਦਿਆਰਥੀਆਂ ਨੂੰ ਅਗਵਾਈ, ਨਵੀਨਤਾ ਅਤੇ ਰਾਸ਼ਟਰ ਨਿਰਮਾਣ ਸਬੰਧੀ ਕੀਮਤੀ ਸੇਧ ਪ੍ਰਦਾਨ ਕਰਦਾ ਹੈ। ਏਜੀਸੀ ਵਿਖੇ ਸਾਡਾ ਮੁੱਖ ਉਦੇਸ਼ ਵਿਦਿਆ-ਰਥੀਆਂ ਵਿੱਚ ਉੱਦਮੀ ਸੋਚ ਵਿਕਸਿਤ ਕਰਨਾ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਤੇ ਪ੍ਰਗਤੀਸ਼ੀਲ ਭਾਰਤ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨਾ ਹੈ।"ਵਿਦਿਆ-ਰਥੀਆਂ ਨੇ ਇਸ ਸੰਵਾਦ ਨੂੰ ਬਹੁਤ ਹੀ ਪ੍ਰੇਰਣਾਦਾਇਕ ਅਤੇ ਜਾਣਕਾਰੀ ਭਰਪੂਰ ਤਜਰਬਾ ਦੱਸਿਆ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੇ ਉਨ੍ਹਾਂ ਨੂੰ ਉੱਦਮਤਾ ਦੇ ਨਵੇਂ ਮੌਕੇ ਤਲਾਸ਼ਣ, ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ ਅਤੇ ਦੇਸ਼ ਦੇ ਵਿਕਾਸ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ।ਸਵਦੇਸ਼ੀ ਦੀਵਾਲੀ ਮੇਲਾ 2026 ਵਿੱਚ ਏਜੀਸੀ ਦੇ ਵਿਦਿਆਰਥੀਆਂ ਦੀ ਭਾਗੀਦਾਰੀ ਸੰਸਥਾ ਦੀ ਸਰਵਪੱਖੀ ਸਿੱਖਿਆ, ਨੌਜਵਾਨ ਸਸ਼ਕਤੀਕ-ਰਨ, ਉੱਦਮਤਾ ਵਿਕਾਸ ਅਤੇ ਵਿਦਿਆਰਥੀਆਂ ਵਿੱਚ ਸਮਾਜਿਕ ਤੇ ਰਾਸ਼ਟਰੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਤਿਉਹਾਰਾਂ ਦੀ ਅਸਲ ਖ਼ੁਸ਼ੀ ਦੂਜਿਆਂ ਦੇ ਦੁੱਖ ਨੂੰ ਸਮਝਣ ਵਿੱਚ


ਸਾਂਝੀ ਖ਼ਬਰ

**ਆਪਣੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਦੂਜਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਹੀ ਸੱਚੀ ਇਨਸਾ-ਨੀਅਤ ਹੈ।**

ਪੰਜਾਬ ਨੂੰ ਤਿਉਹਾਰਾਂ ਅਤੇ ਮੇਲਿਆਂ ਦੀ ਧਰਤੀ ਕਿਹਾ ਜਾਂਦਾ ਹੈ। ਇੱਥੇ ਹਰ ਤਿਉਹਾਰ ਪਿਆਰ, ਸਾਂਝ ਅਤੇ ਖ਼ੁਸ਼ੀਆਂ ਵੰਡਣ ਦਾ ਸੁਨੇਹਾ ਦਿੰਦਾ ਹੈ। ਖ਼ਾਸ ਕਰਕੇ ਦੀਵਾਲੀ ਮੌਕੇ ਹਰ ਪਾਸੇ ਦੀਵਿਆਂ ਦੀ ਰੌਸ਼ਨੀ, ਮਠਿਆਈਆਂ ਅਤੇ ਜਸ਼ਨ ਦਾ ਮਾਹੌਲ ਹੁੰਦਾ ਹੈ। ਪਰ ਇਸ ਦੌਰਾਨ ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਆਪਣੀਆਂ ਖ਼ੁਸ਼ੀਆਂ ਮਨਾਉਂਦੇ ਸਮੇਂ ਦੂਜਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਦੇ ਹਾਂ?

ਸਾਡੇ ਆਲੇ-ਦੁਆਲੇ ਅਜਿਹੇ ਪਰਿਵਾਰ ਵੀ ਹੁੰਦੇ ਹਨ, ਜਿਹੜੇ ਕਿਸੇ ਆਪਣੇ ਦੇ ਵਿਛੋੜੇ ਦਾ ਦੁੱਖ ਸਹਿ ਰਹੇ ਹੁੰਦੇ ਹਨ ਜਾਂ ਕਿਸੇ ਮੁਸ਼ਕਲ ਵਿੱਚੋਂ ਲੰਘ ਰਹੇ ਹੁੰਦੇ ਹਨ। ਅਜਿਹੇ ਸਮੇਂ ਜਦੋਂ ਇੱਕ ਘਰ ਵਿੱਚ ਸੋਗ ਦਾ ਮਾਹੌਲ ਹੋਵੇ ਅਤੇ ਉਸ ਦੇ ਨੇੜੇ ਉੱਚੀ ਆਵਾਜ਼ ਵਿੱਚ ਪਟਾਕੇ ਚਲਾਏ ਜਾ ਰਹੇ ਹੋਣ, ਤਾਂ ਦੁਖੀ ਪਰਿਵਾਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਸਵਾਲ ਇਹ ਨਹੀਂ ਕਿ ਤਿਉਹਾਰ ਮਨਾਉਣੇ ਚਾਹੀਦੇ ਹਨ ਜਾਂ ਨਹੀਂ, ਸਗੋਂ ਇਹ ਹੈ ਕਿ ਸਾਡੀ ਖ਼ੁਸ਼ੀ ਕਿਸੇ ਦੂਜੇ ਦੇ ਦੁੱਖ ਦਾ ਕਾਰਨ ਤਾਂ ਨਹੀਂ ਬਣ ਰਹੀ?

ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਇੱਕ ਪਰਿਵਾਰ ਦੇ ਦੁੱਖ ਕਾਰਨ ਸਾਰਾ ਸਮਾਜ ਤਿਉਹਾਰ ਮਨਾਉਣਾ ਛੱਡ ਦੇਵੇ। ਹਰ ਕਿਸੇ ਨੂੰ ਖ਼ੁਸ਼ੀ ਮਨਾਉਣ ਦਾ ਹੱਕ ਹੈ, ਪਰ ਇਸ ਦੇ ਨਾਲ ਦੂਜਿਆਂ ਪ੍ਰਤੀ ਸੰਵੇਦਨਸ਼ੀਲ



ਹੋਣਾ ਵੀ ਜ਼ਰੂਰੀ ਹੈ। ਅਸੀਂ ਪਟਾਕਿਆਂ ਦਾ ਸ਼ੋਰ ਘਟਾ ਸਕਦੇ ਹਾਂ, ਦੁਖੀ ਪਰਿਵਾਰ ਨਾਲ ਹਮਦਰਦੀ ਜਤਾ ਸਕਦੇ ਹਾਂ ਅਤੇ ਲੋੜ ਪੈਣ ਤੇ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ। ਕਈ ਵਾਰ ਹੌਸਲੇ ਦੇ ਦੋ ਸ਼ਬਦ ਵੀ ਕਿਸੇ ਦੁਖੀ ਮਨ ਨੂੰ ਵੱਡਾ ਸਹਾਰਾ ਦੇ ਜਾਂਦੇ ਹਨ।

ਤਿਉਹਾਰਾਂ ਦੀ ਮਹੱਤਤਾ ਸਿਰਫ਼ ਘਰਾਂ ਨੂੰ ਰੌਸ਼ਨ ਕਰਨ ਵਿੱਚ ਨਹੀਂ, ਸਗੋਂ ਆਪਸੀ ਪਿਆਰ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨ ਵਿੱਚ ਵੀ ਹੈ। ਜੇ ਅਸੀਂ ਕਿਸੇ ਦੇ ਦੁੱਖ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਤਾਂ ਤਿਉਹਾਰਾਂ ਦੀ ਅਸਲ ਭਾਵਨਾ ਅਧੂਰੀ ਰਹਿ ਜਾਂਦੀ ਹੈ।

ਦੀਵਾਲੀ ਦੇ ਦੀਵੇ ਤਾਂ ਹਰ ਕੋਈ ਜਗਾਉਂਦਾ ਹੈ, ਪਰ ਕਿਸੇ ਦੁਖੀ ਮਨ ਵਿੱਚ ਉਮੀਦ ਦੀ ਰੌਸ਼ਨੀ ਜਗਾਉਣਾ ਹੀ ਸੱਚੀ ਇਨਸਾਨੀਅਤ ਹੈ। ਆਓ, ਆਪਣੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਦੂਜਿਆਂ ਦੇ ਦੁੱਖ ਨੂੰ ਵੀ ਸਮਝੀਏ, ਕਿਉਂਕਿ ਤਿਉਹਾਰਾਂ ਦੀ ਅਸਲ ਖ਼ੁਸ਼ੀ ਰੌਸ਼ਨੀਆਂ ਅਤੇ ਸ਼ੋਰ ਵਿੱਚ ਨਹੀਂ, ਸਗੋਂ ਪਿਆਰ, ਹਮਦਰਦੀ ਅਤੇ ਇੱਕ-ਦੂਜੇ ਦਾ ਸਾਥ ਨਿਭਾਉਣ ਵਿੱਚ ਵੱਸਦੀ ਹੈ।

ਪਵਨ ਕੁਮਾਰ ਅੱਤਰੀ,
ਕਪੂਰਥਲਾ
ਮੋਬਾ 8427791277

Fit Life
Capsules
Sex, Vigour, Stemina
100% RESULT
1 Capsule
Fit Life
फिट लाईफ
Capsules
Sex, Vigour, Stemina
फिट लाईफ खाओ,
मस्त हो जाओ।
DOM MEDIOS +916417928069
We need Distributors in PUNJAB, HARYANA, HIMACHAL & DELHI
ORDER NOW
+91 91030-00028




ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੱਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

SINCE 1978

AMRIK DHABA

PURE VEG

BREAKFAST, LUNCH, DINNER



ORDER ONLINE ON zomato SWIGGY

FULLY AC

HEAD OFFICE : MEHNA CHOWK BATHINDA.
PHONE : 0164-5007071, 9814129629.

ਅੰਮ੍ਰਿਤ ਪਵਾਰ
62804 94562





## "ਨੋ ਚਲਾਨ ਕਰੋ ਧਿਆਨ " ਲਈ ਸਨਮਾਨ ਫਖਰ ਅਸ਼ੋਕ ਪੁਰੀ

ਜੇਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਸਮਾਗਮ ਦੋਰਾਨ ਫਿਲਮ ਮੇਕਰ ਅਸ਼ੋਕ ਪੁਰੀ ਨੂੰ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਜੀ ਦੀ ਮੌਜੂਦਗੀ ਵਿੱਚ ਸਨਮਾਨਿਤ ਕੀਤਾ ਗਿਆ।ਇਹ ਸਨਮਾਨ ਓਹਨਾਂ ਨੂੰ ਟਰੈਫਿਕ ਨਿਯਮਾਂ ਤੇ ਬਣਾਈ ਫਿਲਮ "ਨੋ ਚਲਾਨ ਕਰੋ ਧਿਆਨ" ਲਈ ਦਿੱਤਾ ਗਿਆ।ਵਿਦਆਰਥੀ ਬੋਲੇ ਅਜਿਹੀਆਂ ਫਿਲਮਾਂ ਜ਼ਰੂਰੀ ਨੇ ਤੇ ਅਸ਼ੋਕ ਪੁਰੀ ਜੀ ਨੇ ਇਸ ਫਿਲਮ ਦਾ ਸਿਹਰਾ ਅਵਿਨਾਸ਼ ਰਾਏ ਖੰਨਾ ਜੀ ਨੂੰ ਦਿੱਤਾ।ਸੰਜੀਵ ਕੁਮਾਰ ਵੱਸਲ ਚੇਅਰਮੈਨ ਤੇ ਹੋਰ ਸਤਿਕਾਰਤ ਹਸਤੀਆਂ ਸਟੇਜ ਤੇ ਸਨ।ਅਸ਼ੋਕ ਪੁਰੀ ਨੇ ਕਿਹਾ ਓਹ ਇਸ ਸਨਮਾਨ ਨੂੰ ਬਹੁਤ ਯਾਦਗਾਰ ਸਨਮਾਨ ਸਮਝਦੇ ਹਨ।_ਅੰਮ੍ਰਿਤ ਪਵਾਰ।




## ਨਿੰਮਾ ਮਹਿਰਮ ਪੁਰੀਆ ਗਾ ਕਿ ਆਖਣਗੇ_ਗੱਲ ਸੁਣ ਲੈ ਸੋਹਣੀਏ ਕੁੜੀਏ

ਨਿੰਮਾ ਮਹਿਰਮ ਪੁਰੀਆ ਯੂ ਐਸ ਏ ਰਿਕਾਰਡਜ਼ ਯੂਟਿਊਬ ਤੇ ਉਪਲਬਧ ਵਧੀਆ ਮਿਊਜ਼ਿਕ ਚੈਨਲ ਬਣ ਗਿਆ ਹੈ ਤੇ ਇਸ ਨੂੰ ਹੋਰ ਵਧੀਆ ਬਣਾਉਣ ਜਾ ਰਿਹਾ ਗਾਇਕ ਨਿੰਮਾ ਮਹਿਰਮ ਪੁਰੀਆ ਆਪਣੇ ਨਵੇਂ ਗੀਤ ਨਾਲ ਜਿਸ ਦਾ ਟਾਈਟਲ ਹੈ "ਗੱਲ ਸੁਣ ਲੈ ਸੋਹਣੀਏ ਕੁੜੀਏ"।ਐਮ ਕੇ ਵੀ ਬੀਟ ਨੇ ਨਿੰਮਾ ਮਹਿਰਮ ਪੁਰੀਆ ਦੇ ਲਿਖੇ ਤੇ ਗਾਏ ਇਸ ਗੀਤ ਦਾ ਪਿਆਰਾ ਸੰਗੀਤ ਦਿੱਤਾ ਹੈ ਜਦ ਕਿ ਮਿਸਟਰ ਹੰਸ ਇੱਕ ਪਰਿਵਾਰਕ ਤੇ ਸੱਭਿਆਚਾਰਕ ਵੀਡੀਓ ਇਸ ਗੀਤ ਦਾ ਬਣਾ ਚੁੱਕੇ ਹਨ।ਜੋਹਨ ਸਟਾਰ ਸਟੂਡੀਓ ਨੇ ਸੰਪਾਦਨ ਕਰ ਨਿੰਮਾ ਮਹਿਰਮ ਪੁਰੀਆ ਦਾ ਇਹ ਗੀਤ ਬਹੁਤ ਹੀ ਪਿਆਰਾ ਬਣਾ ਦਿੱਤਾ ਹੈ।ਨਿੰਮਾ ਮਹਿਰਮ ਪੁਰੀਆ ਦੇ ਇਸ ਟਰੈਕ ਦੇ ਪੋਸਟਰ ਨੂੰ ਆਉਂਦੇ ਹੀ ਅੱਛੀ ਫੈਨ ਫਾਲੋ ਮਿਲਣੀ ਸੰਕੇਤ ਕਿ ਨਿੰਮਾ ਦਾ ਇਹ ਟਰੈਕ ਖ਼ੂਬ ਚਲੇਗਾ।_ਅੰਮ੍ਰਿਤ ਪਵਾਰ।




## ਹਰਬੀਰ ਢੀਂਡਸਾ ਦੀ ਨਵੀਂ ਫ਼ਿਲਮ _ਸਾਡਾ ਕੀ ਕਸੂਰ

ਪੈਰੀ ਫ਼ਿਲਮਜ਼ ਕਨੇਡਾ ਨੇ ਵੀ ਹਰਬੀਰ ਢੀਂਡਸਾ ਦੀ ਡਾਇਰੈਕਸ਼ਨ ਤੋਂ ਪ੍ਰਭਾਵਿਤ ਹੋ ਕਿ ਓਹਨਾਂ ਕੋਲੋਂ ਆਪਣੀ ਫਿਲਮ ਡਾਇਰੈਕਟ ਕਰਵਾਈ ਹੈ ।ਇਸ ਫਿਲਮ ਦਾ ਨਾਂਅ "ਸਾਡਾ ਕੀ ਕਸੂਰ" ਹੈ।ਅੱਛੀ ਗੱਲ ਕਿ ਹਰਬੀਰ ਸਿੰਘ ਢੀਂਡਸਾ ਹੁਣ ਬਾਹਰ ਦੀਆਂ ਫਿਲਮਾਂ ਵੀ ਡਾਇਰੈਕਟ ਕਰ ਰਹੇ ਹਨ।ਕੁਲਦੀਪ ਦੋਸਾਂਝ ਪੱਕੀ ਕਲਾਕਾਰ ਇਹਨਾਂ ਦੀ ਖਾਸ ਕਿਰਦਾਰ ਵਿੱਚ ਹੈ ਤੇ ਸੁਮਨ ਬਾਠ ਦਾ ਕੰਮ ਵੀ ਖ਼ਾਸਾ ਹੈ। ਜੱਸ ਢਿੱਲੋਂ ਨੂੰ ਵੀ ਅਹਿਮ ਭੂਮਿਕਾ ਦਿੱਤੀ ਗਈ ਤੇ ਮਨਜੀਤ ਜੱਸਲ ਵੀ ਫਿਲਮ ਦਾ ਹਿੱਸਾ ਹਨ।ਖੂਬਸੂਰਤੀ ਦਾ ਆਲਮ ਪਿਆਰੀ ਸੂਰਤ ਤੇ ਸੀਰਤ ਗਗਨ ਆਪਣੀ ਅਦਾਕਾਰੀ ਨਾਲ ਦਿਲ ਟੁੰਬ ਲਏਗੀ।ਬਾਕੀ ਪ੍ਰੀਤ ਗਰੇਵਾਲ ਕਨੇਡਾ ਦੇ ਖਾਸ ਸਹਿਯੋਗ ਨਾਲ ਇਹ ਫ਼ਿਲਮ ਆਈ ਹੈ ।ਸਾਡੇ ਵੱਲੋਂ ਹਰਬੀਰ ਸਿੰਘ ਢੀਂਡਸਾ ਤੇ ਟੀਮ "ਸਾਡਾ ਕੀ ਕਸੂਰ" ਨੂੰ ਦੀਵਾਲੀ ਮੁਬਾਰਕ ।ਗਗਨ ਨੂੰ ਸੁਮਨ ਬਾਠ ਨੂੰ ਮਨਜੀਤ ਜੱਸਲ, ਕੁਲਦੀਪ ਦੋਸਾਂਝ ਤੇ ਜੱਸ ਢਿੱਲੋਂ ਦੇ ਨਾਲ ਪ੍ਰੀਤ ਗਰੇਵਾਲ ਨੂੰ ਦੀਵਾਲੀ ਮੁਬਾਰਕ ਤੇ ਤੁਸੀ ਦੇਖੋ "ਸਾਡਾ ਕੀ ਕਸੂਰ".।_ਅੰਮ੍ਰਿਤ ਪਵਾਰ।




## ਪਦਮ ਸ਼੍ਰੀ ਹੰਸ ਰਾਜ ਹੰਸ ਸਵਾਗਤ ਸੈਕਰਾਮੈਂਟੋ ਵਿੱਚ ਜੱਸੀ ਬੰਗਾ

ਜੱਸੀ ਬੰਗਾ ਜੀਵੇ ਪੰਜਾਬ ਐਂਟਰਟੇ-ਨਮੈਂਟ ਨਾਲ ਤੀਹ ਸਾਲ ਤੋਂ ਦੁਨੀਆਂ ਦੀ ਵੱਡੀ ਸ਼ਕਤੀ ਅਮਰੀਕਾ ਵਿੱਚ ਪੰਜਾਬੀ ਗਾਇਕੀ ਨੂੰ ਉਤਸ਼ਾਹਿਤ ਕਰ ਰਹੇ ਨੇ ਤੇ ਪੰਜਾਬੀ ਕਲਾਕਾਰਾਂ ਨੂੰ ਅੱਗੇ ਲਿਆ ਰਹੇ ਹਨ ਤੇ ਹੁਣ ਓਹ ਆਪਣੇ ਮਿੱਤਰਾਂ ਤੇ ਮਸ਼ਹੂਰ ਹਸਤੀਆਂ ਨਾਲ ਮਿਲ ਕਿ ਸੂਫ਼ੀ ਸ਼ਾਮ ਹੰਸ ਰਾਜ ਹੰਸ ਦੇ ਨਾਲ ਈਵੈਂਟ ਦਾ ਆਯੋਜਨ ਕਰ ਰਹੇ ਨੇ ਤੇ ਓਹਨਾਂ ਪੰਜਾਬ ਤੋਂ ਸੈਕਰਾਮੈਂਟੋ ਆਉਣ ਤੇ ਪਦਮ ਸ਼੍ਰੀ ਹੰਸ ਰਾਜ ਹੰਸ ਜੀ ਦਾ ਨਿੱਘਾ ਸੁਆਗਤ ਕੀਤਾ।ਓਹਨਾਂ ਨਾਲ ਸੋਨੂੰ ਚੱਠਾ ਵੀ ਸਨ, ਅਤੁਲ ਜੀ ਵੀ ਤੇ ਬਲਵਿੰਦਰ ਸਿੰਘ ਬਾਜਵਾ ਜੀ ਵੀ ਤੇ ਸਭ ਬੋਲੇ ਧੰਨਭਾਗ ਹੰਸ ਰਾਜ ਹੰਸ ਜੀ ਦਾ ਗਾਇਕੀ ਦਾ ਦਰਿਆ ਯਾਦਗਾਰੀ ਛੱਲਾਂ ਲਿਆ ਰਿਹਾ ਹੈ।_ਅੰਮ੍ਰਿਤ ਪਵਾਰ।



## ਹਨੀ ਸਿੰਘ ਨਾਲ ਪਿਆਰ ਜੱਗ ਜਾਣਦਾ _ਰਾਣਾ ਵੇਂਡਲ ਵਾਲਾ

ਰੱਬਾ ਹਨੀ ਸਿੰਘ ਜਿਹੇ ਸੱਜਣ ਸਭ ਨੂੰ ਦੇਣਾ ਗੀਤਕਾਰ ਰਾਣਾ ਵੇਂਡਲ ਵਾਲਾ ਨੇ ਇਹ ਲਫਜ਼ ਜਦ ਮੁੰਬਈ ਫ਼ਿਲਮਾਂ ਲਈ ਗਿਆ ਸੀ ਨਾਲ ਹੋਏ ਵਾਕਿਆਤ ਤੇ ਆਖੇ।ਰਾਜਾ ਗੀਤਾਂ ਦਾ ਰਾਣਾ ਦੱਸਦੇ ਨੇ ਕਿ ਓਹ ਆਪਣੇ ਧਿਆਨ ਸਨ ਕਿ ਕਿ ਆਵਾਜ਼ ਆਈ ਰੁਕੋ ਪਤਾ ਲੱਗਿਆ ਕੋਲ ਆਏ ਮਿੱਤਰ ਹਨੀ ਸਿੰਘ ਸੀ।ਹਨੀ ਸਿੰਘ ਨਾਲ ਮਿਲ ਖੁਸ਼ੀ ਹੋਈ, ਅੱਜ ਵੀ ਰਾਣਾ ਦੱਸਦੇ ਨੇ ਕਿ ਹਨੀ ਸਿੰਘ ਓਸ ਤਰਾਂ ਹੀ ਮਿਲਦੇ ਹਨ।ਬਾਕੀ ਰਾਣਾ ਵੇਂਡਲ ਵਾਲਾ ਵੀ ਹਲੀਮੀ ਵਾਲਾ ਇਨਸਾਨ ਹੈ ਤੇ ਓਹ ਹਰੇਕ ਨਾਲ ਸੋਸ਼ਲ ਮੀਡੀਆ ਤੇ ਵੀ ਪਿਆਰ ਨਾਲ ਮਿਲਦਾ ਹੈ ਤੇ ਇਸ ਵਾਰ ਪਿੰਡ ਚੱਕ ਵੇਂਡਲ ਚ ਗੁਰੂ ਬਾਲਮੀਕੀ ਜੀ ਦੇ ਜਨਮ ਦਿਹਾੜੇ ਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਲਈ ਓਸ ਸੇਵਾ ਕੀਤੀ ਹੈ।ਨਾਲ ਹੀ ਓਹ ਮੀਨੂ ਅਟਵਾਲ ਤੋਂ ਬਖਸ਼ੀ ਬਿੱਲਾ ਤੱਕ ਕਲਾਕਾਰ ਲੋਕਾਂ ਦੇ ਦੁੱਖ ਸੁੱਖ ਚ ਸ਼ਾਮਿਲ ਤੇ ਓਹਨਾਂ ਦੇ ਗੀਤ ਆਉਣ ਤੇ ਓਹਨਾਂ ਲਈ ਪ੍ਰਚਾਰ ਮਤਲਬ ਨੇਕ ਦਿਲ ਇਨਸਾਨ ਗੀਤਕਾਰ ਏ ਰਾਣਾ।_ਅੰਮ੍ਰਿਤ ਪਵਾਰ।



## ਕਰੂ ਕਮਾਲ ਪਾਊ ਧਮਾਲ ਵਿਹੰਦੇ ਜਾਣਾ ਗੁਰਨੂਰ ਮਾਨ




ਰੂਹ ਖੁਸ਼ ਹੁੰਦੀ ਹੈ ਜਦ ਗੁਰਨੂਰ ਮਾਨ ਇੰਸਟਾਗ੍ਰਾਮ ਤੇ ਨਵੀਂ ਰੀਲ ਨਾਲ ਗਾਉਂਦੀ ਮੁਸਕਰਾਉਂਦੀ ਨਜ਼ਰ ਆਉਂਦੀ ਹੈ।ਕੋਈ ਤਕੜਾ ਤੇ ਨਾਮਵਰ ਬੈਨਰ ਮਿਲ ਗਿਆ ਤਾਂ ਗੁਰਨੂਰ ਮਾਨ ਦਾ ਵੱਡੇ ਪੱਧਰ ਤੇ ਮਿਊਜ਼ਿਕ ਕਰਵਾ ਕਿ ਗਾਣਾ ਟੋਪ ਦਾ ਕਰਵਾਏ ਤੇ ਵੀਡੀਓ ਮੁੰਬਈ ਲੈਵਲ ਦਾ ਹੋਏ ਤਾਂ ਗੁਰਨੂਰ ਮਾਨ ਪੈਰ ਨਾ ਲੱਗਣ ਦੇਵੇਗੀ ਕਈਆਂ ਦੇ ਰੱਬ ਖ਼ੈਰ ਕਰੇ।ਅਜੇ ਪੜ੍ਹਦੀ ਹੈ ਤੇ ਦੇਖਿਓ ਜਦ ਓਹ ਪੂਰੀ ਤਰਾਂ ਪ੍ਰੋਫੈਸ਼ਨਲ ਹੋ ਕਿ ਆਈ ਮਾਰਕੀਟ ਤਦ ਫ਼ਿਰ ਗੱਲਾਂ ਹੀ ਹੋਰ ਹੋਣਗੀਆਂ।_ਅੰਮ੍ਰਿਤ ਪਵਾਰ।˘

## ਗੁਰਦੇਵ ਪੱਧਰੀ ਕੋਲ _ਲਾਲ ਪਰੀ

ਕੁੱਝ ਹੋਰ ਨਾ ਸਮਝਣਾ ਗਾਇਕ ਗੁਰਦੇਵ ਪੱਧਰੀ ਨੇ ਇੰਤਜ਼ਾਰ ਦੇ ਪਲ ਖਤਮ ਕਰਦਿਆਂ ਆਪਣੇ ਨਿਊ ਟਰੈਕ ਦਾ ਪੋਸਟਰ ਜ਼ਾਰੀ ਕਰ ਦਿੱਤਾ ਹੈ ਤੇ ਓਸ ਦਾ ਨਾਮ ਹੈ "ਲਾਲ ਪਰੀ" ਤੇ ਇਹ ਇੱਕ ਦੋਗਾਣਾ ਹੈ।ਗੁਰਦੇਵ ਪੱਧਰੀ ਢਿੱਲੋਂ ਅੰਤਰ ਰਾਸ਼ਟਰੀ ਗਾਇਕ ਤੇ "ਲਾਲ ਪਰੀ" ਹੈ ਮਤਲਬ ਨਾਲ ਗਾਇਆ ਹੈ ਗਾਇਕਾ ਆਲੀਆ ਅਨਜਾਣ ਨੇ ।ਕਰਨ ਨੇ ਇਹ ਗਾਣਾ ਲਿਖਿਆ ਹੈ ਤੇ ਸੰਗੀਤ ਕਰਨ ਪ੍ਰਿੰਸ ਦਾ ਹੈ।ਗੁਰਦੇਵ ਪੱਧਰੀ ਨੇ ਕਿਹਾ ਕਿ ਇਸ ਵਾਰ ਆਲੀਆ ਦੀ ਆਵਾਜ਼ ਸੁਣਿਓ ਦੂਜੀ ਨਸੀਬੋ ਲੱਗੇਗੀ।ਬਾਕੀ ਗੁਰਦੇਵ ਪੱਧਰੀ ਦੀ ਗਾਇਕੀ ਤੇ ਕੋਈ ਸ਼ੱਕ ਸੁਬਹ ਨਹੀਂ ਹੈ ਤੇ ਓਹ ਛੇ ਛੇ ਮਹੀਨੇ ਕਨੇਡਾ ਸ਼ੋ ਲਾਉਂਦਾ ਹੈ ਤੇ ਸ਼ੋ ਹਿੱਟ ਜਾਂਦੇ ਹਨ।ਗੁਰਦੇਵ ਪੱਧਰੀ ਆਲੀਆ ਅਨਜਾਣ ਨੇ ਮਾਝੇ ਦੇ ਕਲਾਕਾਰਾਂ ਨੂੰ ਤੇ ਆਪਣੇ ਫੈਨ ਲੋਕਾਂ ਨੂੰ ਦੀਵਾਲੀ, ਬੰਦੀ ਛੋੜ ਦਿਵਸ ਤੇ ਵਿਸ਼ਕਰਮਾ ਦੀ ਮੁਬਾਰਕ ਦਿੱਤੀ ਹੈ।_ਅੰਮ੍ਰਿਤ ਪਵਾਰ ਮ




## ਪਿੰਡਾਂ ਵਾਲੇ ਆਖਣ ਸਾਬਾਸ਼ _ਜੀਟੀਸੀ ਪੰਜਾਬੀ




ਡੀ ਡੀ ਫਰੀ ਡਿਸ਼ ਬਹੁਤ ਲੋਕਾਂ ਕੋਲ ਹੈ, ਪੰਜਾਬ ਤੇ ਇੰਡੀਆ ਵਿੱਚ ਪਰ ਦੁੱਖ ਸਾਲਾਂ ਤੋਂ ਓਹ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਲਾਈਵ ਕੀਰਤਨ ਨਹੀਂ ਦੇਖ ਪਾਉਣ ਚ ਅਸਮਰਥ ਸਨ। ਭਲਾ ਹੋਏ ਰਬਿੰਦਰ ਨਰਾਇਣ ਦਾ ਜਿਹਨਾਂ ਨੇ ਓਹਨਾਂ ਦੀ ਇਹ ਮੰਗ ਪੂਰੀ ਕੀਤੀ ਤੇ ਜੀਟੀਸੀ ਪੰਜਾਬੀ ਤੇ ਸਵੇਰੇ ਸਵਾ ਤਿੰਨ ਤੋਂ ਕਥਾ ਤੱਕ ਓਹ ਇਹ ਪ੍ਰਸਾਰਨ ਮੁਫ਼ਤ ਦੇਖ ਰਹੇ ਨੇ ਕਿਉਂ ਕਿ ਪੀ ਟੀਸੀ ਸਿਮਰਨ ਸਿਰਫ ਕੇਬਲ ਤੇ ਡਿਸ਼ ਤੇ ਹੈ ਡੀ ਡੀ ਫਰੀ ਤੇ ਨਹੀ।ਲੱਖਾਂ ਕਰੋੜਾਂ ਲੋਕਾਂ ਦੀਆਂ ਅਸੀਸਾਂ ਰਬਿੰਦਰ ਨਰਾਇਣ ਨਾਲ ਤੇ ਹਰ ਰੂਹ ਆਖੇ ਭਲਾ ਹੋਏ ਰਬਿੰਦਰ ਨਰਾਇਣ ਦਾ ਤਰੱਕੀਆਂ ਕਰੇ ਜੀਟੀਸੀ ਪੰਜਾਬੀ ।ਤੇ ਹਾਂ ਰਬਿੰਦਰ ਨਰਾਇਣ ਵੱਲੋਂ ਦੀਵਾਲੀ ਮੁਬਾਰਕ ਜੀਟੀਸੀ ਪੰਜਾਬੀ ਨਿਊਜ਼ ਦੇ ਦਰਸ਼ਕੋ।_ਅੰਮ੍ਰਿਤ ਪਵਾਰ।

## ਜਯੋਤੀ ਅਰੋੜਾ ਘਰੇ ਗਏ ਆਲ ਰਾਉਂਡਰ _ਅਰਵਿੰਦਰ ਸਿੰਘ ਭੱਟੀ



ਜਯੋਤੀ ਅਰੋੜਾ ਪਾਲੀਵੁੱਡ ਦੀ ਸਟਾਰ ਐਕਟ੍ਰੈਸ , ਹੀਰੋਇਨ ਤੇ ਸਫਲ ਮਾਡਲ ਹੈ। ਤੁਸੀਂ ਇਹ ਜਾਣ ਖੁਸ਼ ਹੋਵੇਗੇ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਪੰਜਾਬ ਸਰਕਾਰ ਦੀ ਐਡ ਚ ਜਯੋਤੀ ਅਰੋੜਾ ਹੈ।ਸਬੱਬ ਨਾਲ ਸਟਾਰ ਟੀਵੀ ਨਿਊਜ਼ ਰੀਡਰ, ਬਾਲੀਵੁੱਡ ਐਕਟਰ , ਪੰਜਾਬੀ ਫ਼ਿਲਮਾਂ ਦੇ ਸਟਾਰ ਕਲਾਕਾਰ ਤੇ ਨੇਤਾ ਅਰਵਿੰਦਰ ਸਿੰਘ ਭੱਟੀ ਗ੍ਰਹਿ ਏ ਜਯੋਤੀ ਅਰੋੜਾ ਵਿਖੇ ਗਏ ਤੇ ਫ਼ਿਲਮੀ ਗੱਲਬਾਤ ਹੋਈ।ਜਿਉਤੀ ਅਰੋੜਾ ਅਤਿਅੰਤ ਖੁਸ਼ੀ ਹੋਈ ਕਿ ਅਰਵਿੰਦਰ ਸਿੰਘ ਭੱਟੀ ਨੇ ਓਹਨਾਂ ਨੂੰ ਇਹ ਘਰੇ ਆਉਣ ਦਾ ਮਾਣ ਦਿੱਤਾ।ਜਯੋਤੀ ਅਰੋੜਾ ਨੇ ਸਭ ਨੂੰ ਦੀਵਾਲੀ ਮੁਬਾਰਕ ਕਿਹਾ ਤੇ ਅਰਵਿੰਦਰ ਸਿੰਘ ਭੱਟੀ ਬੋਲੇ ਕਿ ਵਿਸ਼ਕਰਮਾ, ਟਿੱਕਾ ਭਾਈ ਦੂਜ ਤੇ ਦੀਵਾਲੀ ਦੀ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਮੁਬਾਰਕ।_ਅੰਮ੍ਰਿਤ ਪਵਾਰ।